Fair Advice Financial
Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 210
Daily Newspaper Friday, November 02, 2018
Tel: 905-793-2202 Fax: 905-793-2282 news@punjabipost.ca




PATAKA FACTORY
416-831-5252
www.patakafactory.com
AMAZING FIREWORKS WHOLESALE PRICES!

15+ LOCATIONS TO SERVE YOU BETTER!

1 Pataka Factory: 1780 Albion Rd #7, Etobicoke, ON M9V 1C1
2 Pataka Factory: 801 Bovaird Dr W., #C-781, Brampton, ON L6X 0T9
3 Pataka Factory: 8887 The Gore Rd., #18, Brampton, ON L6P 2K9
4 Pataka Factory: 164 Sandalwood Pkwy E., #200, Brampton, ON L6Z 3S4
5 Inside Royal Pann: 2260 Bovaird Dr E #107, Brampton, ON L6R 1Z1
6 Inside Bombay Palace: 200 Advance Blvd., Brampton, ON L6T 4V4
7 Inside Video Palace: 80 Pertosa Dr., #18, Brampton, ON L6X 5E9
8 Inside Nachdi Jawani: 4535 Ebenezer Rd, #6, Brampton, ON L6P 0B7
9 Inside Bollywood: 680 Rexdale Blvd., #25, Rexdale, ON M9W 0B5
10 Inside Airport Bukhara: 7166 Airport Rd, Mississauga, ON L4T 1E3

ਮੂੰਹੋ ਬੋਲਦੀ ਦੀ Kitchen and Washroom ਬਣਵਾਓ

**Pearson**
Kitchen & Cabinet

Free Estimate
We Specialize in granite, quartz & marble countertops

We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

SimConnect
FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

Ph: (905)915-1805/(905)799-8822

3380 Airway Dr Mississauga Ontario L4T1V3

Law Office of Aman Sharma

- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355

Aman Sharma
Open Saturday

4515 Ebenezer Rd, Suite 211,
Brampton, Ontario L6P2K7

Providing excellent quality legal services to our clients

JOSHI LAW OFFICE
Barrister, Solicitor & Notary Public
E-mail : info@joshilawoffice.com

- Immigration
- Real Estate / Commercial Law
- Affidavit / Power of Attorney

Rakesh M. Joshi
B.A., LL.B.

416-213-8600
6921 Steels Ave. W. Unit 11, Etobicoke, ON

INSURANCE

- HOME
- AUTO
- BUSINESS
- TRUCKING
- R.E.S.P
- COMMERCIAL

CONNEX Tel: 647-206-2452
Sukhwinder K Singh

7050A Bramalea Rd, Unit # 13, Mississauga, ON L5S 1T1

AUTO & HOME INSURANCE

- ☑ Super visa Insurance
- ☑ Life & Disability
- ☑ Critical illness
- ☑ RESP
- ☑ Visitor & Travel insurance

Manwinder Mangat
416-845-1352

1332 Khalsa Dr, Unit # 11, Mississauga | Aaxel Insurance Brokers Ltd.

HELPING YOUR PLAN TODAY......FOR TOMORROW

- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

ਕੰਮ - ਕੰਮ - ਕੰਮ

ਇੱਕ ਕੰਪਣੀ ਨੂੰ ਕੰਮ ਵਾਸਤੇ ਲੜਕੇ-ਲੜਕੀਆਂ ਦੀ ਜ਼ਰੂਰਤ ਹੈ, Basic computer ਦੀ knowledge ਹੋਵੇ.

Contact: 416-302-3600

GOEL TRAVEL

Low Rates
Best Service

ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ

ਗੋਇਲ ਟਰੈਵਲ

Tico # 50021780

905.796.7500

900 Raylawson Blvd. Unit # 6, Brampton

Best Insurance Rates

- Auto - Home - Business

Dir: 647-400-2949

ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ

Discounts upto 35% on Auto & Home

Amanpreet S. Batth

Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?

MICE, COCKROACH, BEDBUG & ALL COMMON BUGS

All Pest Control
AFFORDABLE & RELIABLE PEST CONTROL SERVICES

ਅੱਜ ਹੀ ਕਾਲ ਕਰੋ

KSG Pest Control Inc.
Residential, Commercial
www.ksgpestcontrol.ca
ksgpestcontrol@gmail.com

Amarjeet Singh Gill
Certified & Licenced Exterminator
647.990.3205

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?

ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !

Toronto Pest Arrest
Pest Control Services
Residential /Commercial/Industrial

ਕਾਲ ਕਰੋ: 647-515-8000

ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਸ਼ਹੀਦੀ ਸਮਾਗਮ ਸਬੰਧੀ ਪਾਠ ਆਰੰਭ, ਭੋਗ 4 ਨੂੰ

ਟੋਰਾਂਟੋ, 1 ਨਵੰਬਰ (ਪੋਸਟ ਬਿਊਰੋ) : ਸਿੱਖ ਸਪਿਚੁਅਲ ਸੈਂਟਰ ਰੈਕਸਡੇਲ ਟੋਰਾਂਟੋ ਵੱਲੋਂ ਭਾਈ ਬੇਅੰਤ ਸਿੰਘ ਤੇ 1984 ਦੇ ਸ਼ਹੀਦਾਂ ਅਤੇ ਬਰਗਾੜੀ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿੱਚ ਸਹਿਜ ਪਾਠ ਆਰੰਭ ਹੋ ਚੁੱਕੇ ਹਨ। 4 ਨਵੰਬਰ, 2018 ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ। ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਕੀਰਤਨ ਕੀਤਾ ਜਾਵੇਗਾ ਤੇ 12:00 ਤੋਂ 12:30 ਤੱਕ ਪੰਥਕ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। 12:30 ਵਜੇ ਅਰਦਾਸ ਕੀਤੀ ਜਾਵੇਗੀ। ਇਸ ਮੌਕੇ ਬਰਗਾੜੀ ਕਾਂਡ ਵਿੱਚ ਸ਼ਹੀਦ ਹੋਏ ਤੇ ਮੋਰਚਾ ਸਾਂਭਣ ਵਾਲੇ ਸਿੰਘਾਂ ਲਈ ਵੀ ਅਰਦਾਸ ਕੀਤੀ ਜਾਵੇਗੀ। ਇਸ ਲਈ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੁੰਮ ਹੁੰਮਾਂ ਕੇ ਗੁਰਦੁਆਰਾ ਸਾਹਿਬ ਵਿੱਚ ਪਹੁੰਚਣ।

# ਚਰਚਿਲ ਵਿੱਚ ਰੇਲ ਸੇਵਾ ਬਹਾਲ ਹੋਣ ਮੌਕੇ ਟਰੂਡੋ ਆਪ ਪਹੁੰਚੇ

ਚਰਚਿਲ, ਮੈਨੀਟੋਬਾ, 1 ਨਵੰਬਰ (ਪੋਸਟ ਬਿਊਰੋ) : ਉੱਤਰੀ ਮੈਨੀਟੋਬਾ ਦੇ ਟਾਊਨ ਦਾ ਦੌਰਾ ਕਰਨ ਆਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਸ ਦੌਰੇ ਕਾਰਨ ਤੇ ਰੇਲ ਸੇਵਾ ਦੇ ਮੁੜ ਸ਼ੁਰੂ ਹੋਣ ਦੀ ਆਸ ਵਿੱਚ ਚਰਚਿਲ ਵਾਸੀਆਂ ਨੇ ਬੋਨਫਾਇਰ ਤੇ ਸਟਰੀਟ ਪਾਰਟੀ ਕੀਤੀ।

ਸਥਾਨਕ ਵਾਸੀ ਪੈਟਰੀਸ਼ੀਆ ਕੈਂਡਿਊਰਿਨ ਤੇ ਹੋਰਨਾਂ ਨੇ ਖੁਸ਼ੀ ਵਿੱਚ ਖੀਵੇ ਹੁੰਦਿਆਂ ਆਖਿਆ ਕਿ ਹੁਣ ਅਸੀਂ ਬੰਦੀ ਬਣ ਕੇ ਨਹੀਂ ਰਹਾਂਗੇ ਤੇ ਅਸੀਂ ਆਜ਼ਾਦ ਹੋ ਗਏ ਹਾਂ। ਇੱਕ ਸਾਲ ਤੋਂ ਵੀ ਵੱਧ ਸਮੇਂ ਬਾਅਦ ਬੁੱਧਵਾਰ ਨੂੰ ਚਰਚਿਲ ਵਿੱਚ ਪਹਿਲੀ ਰੇਲਗੱਡੀ ਪਹੁੰਚੀ ਜਿਸ ਕਾਰਨ ਸਥਾਨਕ ਵਾਸੀਆਂ ਨੂੰ ਜਿੱਥੇ ਕਾਫੀ ਹੈਰਾਨੀ ਹੋਈ ਉੱਥੇ ਹੀ ਉਨ੍ਹਾਂ ਨੂੰ ਕਾਫੀ ਚਾਅ ਵੀ ਚੜ੍ਹਿਆ। ਜ਼ਿਕਰਯੋਗ ਹੈ ਕਿ 2017 ਦੀ ਬਹਾਰ ਦੇ ਮੌਸਮ ਵਿੱਚ ਇੱਥੇ ਆਏ ਹੜ੍ਹਾਂ ਕਾਰਨ ਰੇਲਵੇ ਟਰੈਕਜ਼ ਨੂੰ ਕਾਫੀ ਨੁਕਸਾਨ ਪਹੁੰਚਿਆ ਸੀ ਤੇ 900 ਲੋਕਾਂ ਦੀ ਆਬਾਦੀ ਵਾਲੇ ਇਸ ਇਲਾਕੇ, ਜੋ ਕਿ ਹਡਸਨ ਬੇਅ ਦੇ ਕਿਨਾਰੇ ਉੱਤੇ ਸਥਿਤ ਹੈ, ਦਾ ਜ਼ਮੀਨੀ ਲਿੰਕ ਬਾਹਰੀ ਦੁਨੀਆ ਨਾਲੋਂ ਟੁੱਟ ਗਿਆ ਸੀ।




ਉਸ ਦੌਰਾਨ ਹਵਾਈ ਰਸਤੇ ਰਾਹੀਂ ਚਰਚਿਲ ਦੇ ਲੋਕਾਂ ਤੱਕ ਆਮ ਵਸਤਾਂ ਆਦਿ ਪਹੁੰਚਾਈਆਂ ਜਾਂਦੀਆਂ ਸਨ ਤੇ ਘਰ ਦੀ ਵਰਤੋਂ ਵਿੱਚ ਆਉਣ ਵਾਲਾ ਆਮ ਸਾਜ਼ੋ ਸਮਾਨ ਤੱਕ ਕਾਫੀ ਮਹਿੰਗਾ ਹੋ ਗਿਆ ਸੀ ਤੇ ਫਿਊਲ ਦੀਆਂ ਕੀਮਤਾਂ ਆਸਮਾਨੀ ਚੜ੍ਹ ਗਈਆਂ ਸਨ। ਕਈ ਲੋਕਾਂ ਨੇ ਤਾਂ ਟਾਊਨ ਛੱਡਣ ਵਿੱਚ ਹੀ ਭਲਾਈ ਸਮਝੀ ਸੀ। ਫੈਡਰਲ ਸਰਕਾਰ ਨੇ ਰੇਲਵੇਲਾਈਨ ਖਰੀਦਣ ਤੇ ਇਸ ਦੀ ਮੁਰੰਮਤ ਵਿੱਚ ਮਦਦ ਲਈ 74 ਮਿਲੀਅਨ ਡਾਲਰ ਖਰਚ ਕੀਤੇ ਹਨ। ਇਸ ਦੇ ਨਾਲ ਹੀ ਟਾਊਨ ਦੀ ਬੰਦਰਗਾਹ ਦੀ ਵੀ ਮੁਰੰਮਤ ਕੀਤੀ ਗਈ ਹੈ। ਇਸ ਮੌਕੇ ਟਰੂਡੋ ਨੇ ਆਖਿਆ ਕਿ ਓਮਨੀਟਰੈਕਸ ਨੇ ਰੇਲਵੇ ਟਰੈਕ ਦੀ ਮੁਰੰਮਤ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਈ, ਇਸ ਲਈ ਕਮਿਊਨਿਟੀ ਲਈ ਕੰਪਨੀ ਬਦਲੀ ਜਾਣਾ ਕਾਫੀ ਜ਼ਰੂਰੀ ਸੀ। ਇਹ ਸੰਪਤੀ ਆਰਕਟਿਕ ਗੇਟਵੇਅ ਗਰੁੱਪ ਵੱਲੋਂ ਖਰੀਦੀ ਗਈ ਹੈ ਜਿਸ ਵਿੱਚ ਫਰਸਟ ਨੇਸ਼ਨਜ਼ ਕਮਿਊਨਿਟੀਜ਼, ਟੋਰਾਂਟੋ ਦੀ ਫੇਅਰਫੈਕਸ ਫਾਇਨਾਂਸ਼ੀਅਲ ਹੋਲਡਿੰਗਜ਼ ਤੇ ਰੇਜਾਈਨਾ ਸਥਿਤ ਏਜੀਟੀ ਫੂਡ ਭਾਈਵਾਲ ਹਨ।

## ਅੱਜ ਨਾਮਾ

ਸਰਦਾਰ ਪਟੇਲ ਦਾ ਲਾ ਲਿਆ ਬੁੱਤ ਵੱਡਾ,
ਮੋਦੀ ਸਿਫਤਾਂ ਹੀ ਇਹਦੀਆਂ ਕਰੀ ਜਾਵੇ।
ਮਾਇਆ ਖਰਚ ਖਜ਼ਾਨੇ 'ਚੋਂ ਬੜੀ ਤਕੜੀ,
ਕਰੈਡਿਟ ਆਪਣੀ ਝੋਲੀ ਵਿੱਚ ਧਰੀ ਜਾਵੇ।
ਚੋਭ ਮਾੜੀ ਜਿਹੀ ਕਿਸੇ ਵੀ ਲਾਈ ਜੇਕਰ,
ਉਸ ਤੋਂ ਥੋੜ੍ਹੀ ਕੁ ਬਾਤ ਨਹੀਂ ਜਰੀ ਜਾਵੇ।
ਲੋਕੀਂ ਆਖਦੇ ਉੱਤੋਂ ਪਿਆ ਬੜ੍ਹਕਦਾ ਈ,
ਕਾਲਜਾ ਮੋਦੀ ਦਾ ਅੰਦਰ ਤੋਂ ਡਰੀ ਜਾਵੇ।
ਆਈ ਜਾਂਦੇ ਸਰਵੇਖਣ ਹਨ ਨਿੱਤ ਜਿਹੜੇ,
ਉਨ੍ਹਾਂ ਵਿੱਚ ਕੋਈ ਰੜਕਦੀ ਭੱਲ ਹੈ ਨਹੀਂ।
ਗੁਜਰਾਤ ਤੀਕਰ ਤਾਂ ਅਸਰ ਪਟੇਲ ਪਾਊ,
ਬਣੀ ਬਾਕੀ ਦੇ ਦੇਸ਼ ਲਈ ਗੱਲ ਹੈ ਨਹੀਂ।

**ਤੀਸ ਮਾਰ ਖਾਂ**

# ਕਲਾਰਕਸਨ ਦੀ ਸ਼ਾਹਖਰਚੀ ਮਗਰੋਂ ਗਵਰਨਰ ਜਨਰਲਜ਼ ਸਬੰਧੀ ਪ੍ਰੋਗਰਾਮ ਦਾ ਹੋਵੇਗਾ ਮੁਲਾਂਕਣ : ਟਰੂਡੋ

ਓਟਵਾ, 1 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਦੇ ਗਵਰਨਰ ਜਨਰਲ ਨੂੰ ਰਿਟਾਇਰ ਹੋਣ ਤੋਂ ਬਾਅਦ ਵਿੱਤੀ ਸਮਰਥਨ ਮਿਲਦਾ ਰਹਿਣਾ ਚਾਹੀਦਾ ਹੈ ਪਰ ਇਸ ਲਈ ਉਨ੍ਹਾਂ ਨੂੰ ਵਧੇਰੇ ਪਾਰਦਰਸ਼ੀ ਹੋਣਾ ਹੋਵੇਗਾ ਤੇ ਆਪਣੇ ਖਰਚਿਆਂ ਲਈ ਜਵਾਬਦੇਹ ਵੀ ਹੋਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨੇ ਇਹ ਟਿੱਪਣੀ ਉਸ ਰਿਪੋਰਟ ਤੋਂ ਬਾਅਦ ਕੀਤੀ ਜਿਸ ਵਿੱਚ ਇਹ ਖੁਲਾਸਾ ਕੀਤਾ ਗਿਆ ਸੀ ਕਿ 1999 ਤੋਂ 2005 ਤੱਕ ਗਵਰਨਰ ਜਨਰਲ ਰਹਿਣ ਵਾਲੀ ਐਡਰੀਐਨੇ ਕਲਾਰਕਸਨ ਨੇ ਇਸ ਸ਼ਾਹੀ ਨੌਕਰੀ ਨੂੰ ਛੱਡਣ ਤੋਂ ਬਾਅਦ ਇੱਕ ਮਿਲੀਅਨ ਡਾਲਰ ਤੋਂ ਵੀ ਵੱਧ ਦਾ ਖਰਚਾ ਕੀਤਾ ਸੀ। ਇੱਥੇ ਦੱਸਣਾ ਬਣਦਾ ਹੈ ਕਿ ਪੈਨਸ਼ਨ ਤੋਂ ਇਲਾਵਾ ਸਾਬਕਾ ਗਵਰਨਰ ਜਨਰਲ ਨੂੰ ਆਫਿਸ ਲਈ ਤਾਉਮਰ ਪਬਲਿਕ ਫੰਡਿੰਗ ਮਿਲਦੀ ਹੈ ਤੇ ਸਫਰ ਲਈ ਖਰਚਾ ਵੀ ਮਿਲਦਾ ਹੈ। ਇਹ ਅਜਿਹੀ ਪਾਲਿਸੀ ਤਹਿਤ ਨਿਰਧਾਰਤ ਹੈ ਜੋ 1979 ਤੋਂ ਮੌਜੂਦ ਹੈ ਤੇ ਇਹ ਮੰਨਿਆ ਜਾਂਦਾ ਹੈ ਕਿ ਗਵਰਨਰ ਜਨਰਲ ਅਸਲ ਵਿੱਚ ਕਦੇ ਵੀ ਰਿਟਾਇਰ ਨਹੀਂ ਹੁੰਦੇ।



ਟਰੂਡੋ ਨੇ ਆਖਿਆ ਕਿ ਫੈਡਰਲ ਸਰਕਾਰ ਇਸ ਪ੍ਰੋਗਰਾਮ ਦਾ ਮੁਲਾਂਕਣ ਕਰੇਗੀ ਤੇ ਕੋਸ਼ਿਸ਼ ਕਰੇਗੀ ਕਿ ਸਾਬਕਾ ਗਵਰਨਰ ਜਨਰਲਜ਼ ਲਈ ਬਿਹਤਰੀਨ ਪ੍ਰਗਰਾਮ ਲਿਆਂਦਾ ਜਾ ਸਕੇ। ਟਰੂਡੋ ਨੇ ਲਿਬਰਲਾਂ ਦੀ ਹਫਤਾਵਾਰੀ ਕਾਕਸ ਮੀਟਿੰਗ ਵਿੱਚ ਜਾਂਦਿਆਂ ਆਖਿਆ ਕਿ ਇਹੀ ਉਹ ਲੋਕ ਹਨ ਜਿਨ੍ਹਾਂ ਦੇਸ਼ ਲਈ ਆਪਣੀਆਂ ਬਹੁਮੱਲੀਆਂ ਸੇਵਾਵਾਂ ਦਿੱਤੀਆਂ। ਉਨ੍ਹਾਂ ਆਖਿਆ ਕਿ ਸਾਨੂੰ ਪੂਰਾ ਯਕੀਨ ਹੈ ਕਿ ਅਸੀਂ ਸਹੀ ਦਿਸ਼ਾ ਵੱਲ ਵੱਧ ਰਹੇ ਹਾਂ।

## ਫੌਜੀ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਐਸ ਐਚ ਓ ਮੁਅੱਤਲ

ਫਿਰੋਜ਼ਪੁਰ, 1 ਨਵੰਬਰ(ਪੋਸਟ ਬਿਊਰੋ)- ਫੌਜ ਦੇ ਇਕ ਜਵਾਨ ਵੱਲੋਂ ਸੋਸ਼ਲ ਮੀਡੀਆ 'ਤੇ ਅਪਲੋਡ ਕੀਤੇ ਵੀਡੀਓ ਨੇ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਹਲਚਲ ਮਚਾ ਦਿੱਤੀ ਤਾਂ ਉਚ ਪੁਲਸ ਅਧਿਕਾਰੀਆਂ ਨੇ ਇਸ ਦੀ ਜ਼ਿੰਮੇਵਾਰੀ ਥਾਣਾ ਕੈਂਟ ਦੇ ਥਾਣੇਦਾਰ ਉਤੇ ਸੁੱਟ ਕੇ ਮੌਜੂਦਾ ਥਾਣਾ ਮੁਖੀ ਨਵੀਨ ਸ਼ਰਮਾ ਨੂੰ ਸਸਪੈਂਡ ਕਰਕੇ ਲਾਈਨ ਹਾਜ਼ਰ ਕਰ ਦਿੱਤਾ ਹੈ। ਦੂਜੇ ਪਾਸੇ ਸਾਬਕਾ ਥਾਣੇਦਾਰ ਨਵੀਨ ਸ਼ਰਮਾ ਦਾ ਪੱਖ ਹੈ ਕਿ ਜਿਸ ਸਮੇਂ ਉਕਤ ਫੌਜੀ ਨਾਲ ਇਹ ਵਾਰਦਾਤ ਹੋਈ, ਉਸ ਵੇਲੇ ਥਾਣਾ ਕੈਂਟ ਵਿਖੇ ਕੋਈ ਹੋਰ ਥਾਣੇਦਾਰ ਸੀ। ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਫਿਰੋਜ਼ਪੁਰ ਛਾਉਣੀ ਵਿੱਚ 22 ਸਤੰਬਰ ਨੂੰ ਸ਼ਰ੍ਹੇਆਮ ਬਾਜ਼ਾਰ 'ਚ ਨਾਨੀ ਦੀ ਹੱਤਿਆ ਕਰਨ ਦੇ ਕਾਤਲਾਂ ਖਿਲਾਫ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਦੋਸ਼ ਸਨ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

# ਸਵਾਮੀ ਆਨੰਦ ਗਿਰੀ ਵੱਲੋਂ ਪਰਵਾਸੀ ਭਾਰਤੀਆਂ ਨੂੰ ਕੁੰਭ ਦੇ ਮੇਲੇ 'ਚ ਸ਼ਾਮਲ ਹੋਣ ਦਾ ਸੱਦਾ

ਬਰੈਂਪਟਨ, 1 ਨਵੰਬਰ (ਪੋਸਟ ਬਿਊਰੋ) : ਸਵਾਮੀ ਆਨੰਦ ਗਿਰੀ, ਜੋ ਕਿ ਅਖਾੜਾ ਪਰੀਸ਼ਦ ਦੇ ਕੌਮੀ ਪ੍ਰਧਾਨ ਮਹੰਤ ਨਰਿੰਦਰ ਗਿਰੀ ਦੇ ਚੇਲੇ ਹਨ ਤੇ ਜਿਹੜੇ ਇਨ੍ਹੀਂ ਦਿਨੀ ਕੈਨੇਡਾ ਦੇ ਦੌਰੇ ਉੱਤੇ ਹਨ, ਦਾ ਮਕਸਦ ਹਿੰਦੂ ਹੈਰੀਟੇਜ ਮੰਥ ਦੌਰਾਨ ਹੋ ਰਹੇ ਵੱਡੇ ਸਮਾਗਮ ਵਿੱਚ ਹਿੱਸਾ ਲੈਣਾ ਹੈ। ਇਹ ਸਮਾਗਮ 3 ਨਵੰਬਰ ਨੂੰ ਇੰਟਰਨੈਸ਼ਨਲ ਸੈਂਟਰ ਵਿਖੇ ਹੋਣ ਜਾ ਰਹੇ ਹਨ। ਜਿਸ ਵਿੱਚ ਦੁਨੀਆ ਭਰ ਤੋਂ ਹਿੰਦੂ ਭਾਈਚਾਰੇ ਨਾਲ ਸਬੰਧਤ ਵੱਖ ਵੱਖ ਆਗੂ ਭਾਗ ਲੈਣਗੇ। ਕੱਲ੍ਹ ਉਹ ਆਪਣੇ ਰੁਝੇਵੇਂ ਭਰੇ ਸਮੇਂ ਵਿੱਚੋਂ ਚੰਦ ਪਲ ਕੱਢ ਕੇ ਪੰਜਾਬੀ ਪੋਸਟ ਦੇ ਦਫਤਰ ਪਹੁੰਚੇ ਜਿੱਥੇ ਉਨ੍ਹਾਂ ਭਾਰਤ ਵਿੱਚ ਵਿੱਦਿਆ ਦੇ ਪਸਾਰ ਲਈ ਕੀਤੇ ਜਾ ਰਹੇ ਕੰਮਾਂ ਦੀ ਖੁੱਲ੍ਹ ਕੇ ਚਰਚਾ ਕੀਤੀ। ਇਸ ਦੌਰਾਨ ਸਵਾਮੀ ਆਨੰਦ ਗਿਰੀ ਵੱਲੋਂ ਪਰਵਾਸੀ ਭਾਰਤੀਆਂ ਨੂੰ ਕੁੰਭ ਦੇ ਮੇਲੇ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਐਨਆਰਆਈਜ਼ ਲਈ ਕੁੰਭ ਮੇਲੇ ਦੌਰਾਨ ਖਾਸ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਅੱਗੇ ਆਖਿਆ ਕਿ ਜਿਵੇਂ ਅਸੀਂ ਸਿੱਖਾਂ ਨਾਲ ਰਲ ਕੇ ਖਾਲਸਾ ਜੀ ਦੇ 300 ਸਾਲਾ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪਰਵ ਦੇ ਜਸ਼ਨ ਮਨਾਏ ਹਨ ਇਸੇ ਤਰਜ਼ ਉੱਤੇ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਗੁਰਪੁਰਬ ਰਲ ਮਿਲ ਕੇ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਭਾਰਤ ਸਰਕਾਰ ਦੀ ਸ਼ਲਾਘਾ ਕੀਤੀ ਜਿਹੜੀ ਹਰ ਦੇਸ਼ ਵਿੱਚ ਇਸ ਅਹਿਮ ਦਿਵਸ ਨੂੰ ਮਨਾਉਣ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਗੁਰੂ ਨਾਨਕ ਦੇਵ ਜੀ ਨੇ ਆਪਣਾ ਜੀਵਨ ਮਨੁੱਖਤਾ ਤੇ ਸਰਬਸਾਂਝੀਵਾਲਤਾ ਲੇਖੇ ਲਾ ਦਿੱਤਾ।



ਪੰਜਾਬੀ ਪੋਸਟ ਦੇ ਦਫਤਰ ਪਹੁੰਚੇ ਸਵਾਮੀ ਆਨੰਦ ਗਿਰੀ ਜੀ ਨਾਲ ਜਗਦੀਸ਼ ਗਰੇਵਾਲ, ਮੇਜਰ ਨੱਤ ਅਤੇ ਜੱਸ ਤੂਰ ਕੁਝ ਯਾਦਗਾਰ ਪਲਾਂ ਦੌਰਾਨ।

ਉਨ੍ਹਾਂ ਆਖਿਆ ਕਿ ਉਨ੍ਹਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ www.anandgiriyoga.com ਉੱਤੇ ਵਿਜ਼ਿਟ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਸਵਾਮੀ ਆਨੰਦ ਗਿਰੀ ਜੀ ਰੂਹਾਨੀ ਆਗੂ ਹਨ ਤੇ ਉਹ ਸਮਾਜ ਦੀ ਸੇਵਾ ਕਰਨ ਤੇ ਆਪਣੇ ਕੰਮ ਤੇ ਗਿਆਨ ਨਾਲ ਲੋਕਾਂ ਨੂੰ ਪ੍ਰੇਰਿਤ ਕਰਨ ਪ੍ਰਤੀ ਸਮਰਪਿਤ ਹਨ। ਦੋਸਤ, ਫਿਲਾਸਫਰ ਤੇ ਗਾਈਡ ਵਜੋਂ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਹਮੇਸ਼ਾਂ ਵੈਦਿਕ ਸਿੱਖਿਆ ਹੀ ਦਿੱਤੀ ਹੈ ਤੇ ਉਨ੍ਹਾਂ ਦਾ ਰਾਹ ਰੁਸ਼ਨਾਇਆ ਹੈ।

ਆਪਣੀ ਜ਼ਿੰਦਗੀ ਦਾ ਵਧੇਰੇ ਸਮਾਂ ਉਨ੍ਹਾਂ ਕੇਦਾਰ, ਹਿਮਾਲਿਆ ਵਿਖੇ ਤੁੰਗਨਾਥ, ਰੁਦਰਨਾਥ, ਕਲਪੇਸ਼ਵਰ, ਮਦਮਹੇਸ਼ਵਰ, ਤ੍ਰਿਯੋਗੀ ਨਾਰਾਇਣ ਤੇ ਵਾਸੂਕਿਟਲ ਵਿਖੇ ਗਿਰੀਰਾਜ ਤੇ ਸਾਰਸਵਤ ਮਹਾਰਾਜ ਤਹਿਤ ਬਿਤਾਇਆ। ਉਨ੍ਹਾਂ ਵੇਦਾਂ ਤੇ ਆਯੁਰਵੇਦ ਵਿੱਚ ਤਾਲੀਮ ਹਾਸਲ ਕੀਤੀ। ਉਨ੍ਹਾਂ ਆਪਣੀ ਯੋਗ ਸਿੱਖਿਆ ਯੋਗਾ ਨਿਕੇਤਨ ਧਾਮ ਰਿਸ਼ੀਕੇਸ਼ ਤੋਂ ਮਹਾਮੰਡਲੇਸ਼ਵਰ ਵਿਸ਼ਵ ਗੁਰੂ ਜੀ ਮਹਾਰਾਜ ਤੋਂ ਹਾਸਲ ਕੀਤੀ। ਸਵਾਮੀ ਜੀ ਨੇ ਸਿਰਫ ਵੈਦਿਕ ਤਾਲੀਮ ਹੀ ਹਾਸਲ ਨਹੀਂ ਕੀਤੀ ਸਗੋਂ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਆਪਣੀ ਗ੍ਰੈਜੂਏਸ਼ਨ ਮੁਕੰਮਲ ਕੀਤੀ ਤੇ ਉਹ ਯੋਗਾ ਤੰਤਰ ਵਿੱਚ ਪੀਐਚਡੀ ਵੀ ਪੂਰੀ ਕਰ ਰਹੇ ਹਨ। ਸਵਾਮੀ ਜੀ ਛੇ ਯੂਨੀਵਰਸਿਟੀਜ਼ ਵਿੱਚ ਗੈਸਟ ਲੈਕਚਰਰ ਹਨ ਤੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਉਨ੍ਹਾਂ ਨੂੰ ਵੱਖ ਵੱਖ ਸਕੂਲਾਂ ਕਾਲਜਾਂ ਵਿੱਚ ਵੀ ਸਮੇਂ ਸਮੇਂ ਉੱਤੇ ਬੁਲਾਇਆ ਜਾਂਦਾ ਹੈ।

ਉਨ੍ਹਾਂ ਦਾ ਸੁਪਨਾ ਕੌਮਾਂਤਰੀ ਪੱਧਰ ਦਾ ਗੁਰੂਕੁਲ ਖੋਲ੍ਹਣ ਦਾ ਹੈ ਜਿੱਥੇ ਵੇਦਾਂਤਾ, ਸੰਸਕ੍ਰਿਤ ਤੇ ਹੋਰਨਾਂ ਲੋਕਾਂ ਨੂੰ ਆਪਣੇ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾਣਾ ਹੋਵੇ। ਇਸ ਸੱਭ ਤੋਂ ਇਲਾਵਾ ਸਵਾਮੀ ਜੀ ਸਵਰਨ ਭੂਮੀ ਪ੍ਰਯਾਗ ਨਾਂ ਦੀ ਕਿਤਾਬ ਵੀ ਲਿਖ ਚੁੱਕੇ ਹਨ ਜੋ ਕਿ 2013 ਵਿੱਚ ਕੁੰਭ ਮੇਲੇ ਵਿੱਚ ਰਲੀਜ਼ ਹੋਈ ਸੀ।

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੋੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰ੍ਹੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Counterbalance
Reach Truck
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਪੰਜਾਬ ਆਏ ਕੇਜਰੀਵਾਲ ਨੇ ਦਿੱਲੀ ਵਿਚਲੇ ਪ੍ਰਦੂਸ਼ਣ ਲਈ ਪੰਜਾਬੀ ਕਿਸਾਨਾਂ ਸਿਰ ਦੋਸ਼ ਮੜ੍ਹਿਆ



ਚੰਡੀਗੜ੍ਹ, 1 ਨਵੰਬਰ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪ੍ਰਦੂਸ਼ਣ ਦੇ ਮੁੱਦੇ ਉੱਤੇ ਅੱਜ ਇੱਕ ਵਾਰ ਫਿਰ ਪੰਜਾਬ ਦੇ ਕਿਸਾਨਾਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਤੇ ਹਰਿਆਣਾ ਵਿਚ ਕਿਸਾਨਾਂ ਵੱਲੋਂ ਪਰਾਲੀ ਸਾੜਨ ਨਾਲ ਦਿੱਲੀ ਵਿੱਚ ਪ੍ਰਦੂਸ਼ਣ ਵਧਿਆ ਹੈ। ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਕਰਨ ਲਈ ਕੇਜਰੀਵਾਲ ਨੇ ਸੈਟੇਲਾਈਟ ਦੀਆਂ ਫੋਟੋ ਦਿਖਾ ਕੇ ਕਿਹਾ ਕਿ ਇਨ੍ਹਾਂ ਤੋਂ ਸਾਫ ਦਿੱਸ ਰਿਹਾ ਹੈ ਕਿ ਇਸ ਵਾਰ ਵੀ ਪੰਜਾਬ ਵਿਚ ਵੱਡੇ ਪੱਧਰ ਉੱਤੇ ਅਤੇ ਹਰਿਆਣਾ ਦੇ ਕੁਝ ਥਾਂਵਾਂ ਉੱਤੇ ਪਰਾਲੀ ਸਾੜੀ ਗਈ ਹੈ, ਜਿਸ ਨਾਲ ਦਿੱਲੀ ਦਾ ਪ੍ਰਦੂਸ਼ਣ ਦਾ ਅੰਕੜਾ 25 ਅਕਤੂਬਰ ਤੋਂ ਬਾਅਦ ਦੋਗੁਣਾ ਹੋ ਗਿਆ ਹੈ।

ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕ-ਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ (ਐਸ ਵਾਈ ਐਲ) ਦਾ ਹੱਲ ਆਪਸੀ ਸਹਿਮਤੀ ਨਾਲ ਨਿਕਲ ਸਕਦਾ ਜਾਂ ਸੁਪਰੀਮ ਕੋਰਟ ਦੇ ਫੈਸਲੇ ਨਾਲ ਗੱਲ ਕਿਸੇ ਪਾਸੇ ਲੱਗ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸਹਿਮਤੀ ਨਾਲ ਮਸਲਾ ਹੱਲ ਕਰਨ ਦੇ ਮੌਕੇ ਗਵਾ ਦਿੱਤੇ ਹਨ ਤੇ ਮਾਮਲਾ ਲਟਕ ਗਿਆ ਹੈ।

ਆਮ ਆਦਮੀ ਪਾਰਟੀ ਦੇ ਬਾਗੀ ਧੜੇ ਦੇ ਆਗੂ ਸੁਖਪਾਲ ਸਿੰਘ ਖਹਿਰਾ ਬਾਰੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਠਰ੍ਹੰਮੇ ਨਾਲ ਜਵਾਬ ਦਿੰਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਲੋੜ ਪਈ ਤਾਂ ਸਮਾਂ ਆਏ ਤੋਂ ਸੁਖਪਾਲ ਸਿੰਘ ਖਹਿਰਾ ਵਿਰੁੱਧ ਕਾਰਵਾਈ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਮਿਲ ਕੇ ਮਸਲਾ ਸੁਲਝਾਉਣ ਦੇ ਯਤਨ ਕਰ ਰਹੇ ਹਨ। ਇਕ ਪੱਤਰਕਾਰ ਨੇ ਕਿਹਾ ਕਿ ਖਹਿਰਾ ਕਹਿੰਦਾ ਹੈ ਕਿ ਉਹ ਕੇਜਰੀਵਾਲ ਦਾ ਨਾਂਅ ਵੀ ਆਪਣੀ ਜ਼ੁਬਾਨ ਉਤੇ ਨਹੀਂ ਲਿਆਉਣਾ ਚਾਹੁੰਦੇ ਤਾਂ ਕੇਜਰੀਵਾਲ ਨੇ ਕਿਹਾ ਕਿ ਉਹ ਵੀ ਚਾਹੁੰਦੇ ਹਨ ਕਿ ਸੁਖਪਾਲ ਸਿੰਘ ਖਹਿਰਾ ਉਨ੍ਹਾਂ ਦਾ ਨਾਂਅ ਆਪਣੀ ਜ਼ੁਬਾਨ ਉੱਤੇ ਨਾ ਲਿਆਉਣ। ਇਕ ਪੱਤਰਕਾਰ ਨੇ ਕਿਹਾ ਕਿ ਖਹਿਰਾ ਰੋਜ਼ ਹੀ ਪਾਰਟੀ ਨੂੰ ਚੁਣੌਤੀ ਦੇ ਰਿਹਾ ਹੈ ਤਾਂ ਕੇਜਰੀਵਾਲ ਨੇ ਕਿਹਾ ਕਿ ਉਸ ਨੂੰ ਚੁਣੌਤੀ ਦੇਈ ਜਾਣ ਦਿਓ। ਜਦੋਂ ਪੱਤਰਕਾਰਾਂ ਨੇ ਵਾਰ-ਵਾਰ ਖਹਿਰਾ ਦੀਆਂ ਬਾਗੀ ਸੁਰਾਂ ਬਾਰੇ ਸਵਾਲ ਕੀਤੇ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਿਆ-ਸਤ ਸਿਰਫ ਖਹਿਰਾ ਤੱਕ ਨਹੀਂ, ਉਹ ਦੇਸ਼ ਨੂੰ ਵਧੀਆ ਸਕੂਲ, ਹਸਪਤਾਲ ਤੇ ਸੜਕਾਂ ਦੇਣ, ਨੌਜਵਾਨਾਂ ਨੂੰ ਰੁਜ਼ਗਾਰ ਦੇਣ ਅਤੇ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੀ ਸਿਆਸਤ ਕਰ ਰਹੇ ਹਨ।

ਇਸ ਮੌਕੇ ਹਰਿਆਣਾ ਦੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਨਵੀਨ ਜੈਹਿੰਦ ਵੀ ਅਰਵਿੰਦ ਕੇਜਰੀਵਾਲ ਦੇ ਨਾਲ ਸਨ। ਕੇਜਰੀਵਾਲ ਅੱਜ ਹਰਿਆਣਾ ਦਿਵਸ ਦੇ ਸੰਬੰਧ ਵਿੱਚ ਏਥੇ ਆਏ ਸਨ। ਉਨ੍ਹਾਂ ਕਿਹਾ ਕਿ ਹਰਿਆਣਾ 52 ਸਾਲਾਂ ਦਾ ਹੋ ਗਿਆ, ਪਰ ਇਸ ਦੀ ਹਾਲਤ ਬਦਤਰ ਹੈ। ਏਥੇ ਸਕੂਲ ਖੰਡਰ ਬਣੇ ਪਏ ਤੇ ਹਸਪਤਾਲਾਂ, ਸੜਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਮਦਨ ਲਾਲ ਖੱਟਰ ਨੂੰ ਚੁਣੌਤੀ ਦਿੱਤੀ ਕਿ ਉਹ ਦਿੱਲੀ ਦੇ ਸਕੂਲਾਂ ਤੇ ਹਸਪਤਾਲਾਂ ਦਾ ਦੌਰਾ ਕਰਨ ਅਤੇ ਉਹ ਖੁਦ ਹਰਿਆਣਾ ਦੇ ਸਕੂਲਾਂ ਤੇ ਹਸਪਤਾਲਾਂ ਦਾ ਦੌਰਾ ਕਰਨਗੇ ਤਾਂ ਜੋ ਸਾਫ ਹੋ ਸਕੇ ਕਿ ਹਰਿਆਣਾ ਦੀ ਕੀ ਹਾਲਤ ਹੈ। ਕੇਜਰੀਵਾਲ ਨੇ ਕਿਹਾ ਕਿ ਪਿਛਲੇ 52 ਸਾਲਾਂ ਤੋਂ ਹਰਿਆਣਾ ਵਿਚ ਰਾਜ ਕਰਦੀਆਂ ਸਭ ਪਾਰਟੀਆਂ ਇਸ ਦੇ ਮਾੜੇ ਹਾਲਾਤ ਲਈ ਜ਼ਿੰਮੇਵਾਰ ਹਨ, ਕਿਉਂਕਿ ਇਨੈਲੋ ਨੇ ਗੁੰਡਾ ਰਾਜ ਕੀਤਾ ਤੇ ਹੁੱਡਾ ਸਰਕਾਰ ਜ਼ਮੀਨੀ ਘੁਟਾਲਿਆਂ ਵਿੱਚ ਉਲਝੀ ਰਹੀ ਸੀ, ਜਦ ਕਿ ਮੌਜੂਦਾ ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਨਾਕਸ ਹੈ।

ਬਾਅਦ ਵਿੱਚ ਅਰਵਿੰਦ ਕੇਜਰੀਵਾਲ ਨੇ ਯੂ ਟੀ ਗੈਸਟ ਹਾਊਸ ਵਿਚ ਲੋਕ ਸਭਾ ਚੋਣਾਂ ਲਈ ਪੰਜਾਬ ਲਈ ਐਲਾਨੇ ਜਾ ਚੁੱਕੇ ਇਸ ਪਾਰਟੀ ਦੇ ਪੰਜ ਉਮੀਦਵਾਰਾਂ ਭਗਵੰਤ ਮਾਨ, ਪ੍ਰੋਫੈਸਰ ਸਾਧੂ ਸਿੰਘ, ਕੁਲਦੀਪ ਧਾਲੀਵਾਲ, ਨਰਿੰਦਰ ਸਿੰਘ ਸ਼ੇਰਗਿੱਲ ਅਤੇ ਡਾਕਟਰ ਰਵਜੋਤ ਸਿੰਘ ਨਾਲ ਮੀਟਿੰਗ ਕੀਤੀ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ, ਉਪ ਨੇਤਾ ਸਰਵਜੀਤ ਕੌਰ ਮਾਣੂੰਕੇ, ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧ ਰਾਮ, ਮੁੱਖ ਬੁਲਾਰਾ ਪ੍ਰੋਫੈਸਰ ਬਲਜਿੰਦਰ ਕੌਰ, ਵਿਧਾਇਕ ਅਮਨ ਅਰੋੜਾ ਵੀ ਮੀਟਿੰਗ ਵਿੱਚ ਮੌਜੂਦ ਸਨ। ਜਾਣਕ-ਾਰ ਸੂਤਰਾਂ ਅਨੁਸਾਰ ਇਸ ਦੌਰਾਨ ਜਿਥੇ ਕੇਜਰੀਵਾਲ ਨੇ ਉਮੀਦਵਾਰਾਂ ਨੂੰ ਚੋਣ ਰਾਣਨੀਤੀ ਦੇ ਗੁਰ ਸਮਝਾਏ, ਉਥੇ ਬਾਗੀ ਧਿਰ ਦੇ ਆਗੂ ਸੁਖਪਾਲ ਖਹਿਰਾ ਵੱਲੋਂ ਪਾਰਟੀ ਦਿੱਤੇ ਜਾ ਰਹੇ ਅਲਟੀਮੇਟਮਾਂ ਬਾਰੇ ਵੀ ਕਾਫੀ ਚਰਚਾ ਕੀਤੀ।

# ਇਤਹਾਸ ਨਾਲ ਛੇੜ-ਛਾੜ ਦੇ ਮੁੱਦੇ ਤੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਧਰਨਾ




ਅੰਮ੍ਰਿਤਸਰ, 1 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਦੀ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਲਈ ਇਤਿਹਾਸ ਦੀ ਕਿਤਾਬ ਵਿਚ ਸਿੱਖ ਇਤਿਹਾਸ ਨਾਲ ਛੇੜ-ਛਾੜ ਦੇ ਰੋਸ ਵਜੋਂ ਅਕਾਲੀ ਦਲ ਨੇ ਅੱਜ ਕਾਂਗਰਸ ਸਰਕਾਰ ਦੇ ਖ਼ਿਲਾਫ਼ ਦੋ ਦਿਨ ਦਾ ਧਰਨਾ ਸ਼ੁਰੂ ਲਰ ਕੇ ਮੰਗ ਕੀਤੀ ਗਈ ਕਿ ਸਿੱਖਾਂ ਤੋਂ ਮੁੱਖ ਮੰਤਰੀ ਮੁਆਫ਼ੀ ਮੰਗਣ ਅਤੇ ਸਿੱਖ ਇਤਿਹਾਸ ਨਾਲ ਛੇੜ-ਛਾੜ ਕਰਨ ਵਾਲਿਆਂ ਦੇ ਖ਼ਿਲਾਫ਼ ਦੋ ਦਿਨਾਂ ਵਿੱਚ ਕਾਰਵਾਈ ਕੀਤੀ ਜਾਵੇ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਆਗੂ ਏਥੇ ਅਕਾਲ ਤਖ਼ਤ ਸਾਹਿਬ ਨੇੜੇ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਵਿਖੇ ਅਖੰਡ ਪਾਠ ਦੇ ਭੋਗ ਮੌਕੇ ਹਾਜ਼ਰ ਹੋਏ, ਜਿੱਥੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦੇਣ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖ ਇਤਿਹਾਸ ਨਾਲ ਛੇੜ-ਛਾੜ ਕਰਨ ਵਾਲਿਆਂ ਨੂੰ ਵੀ ਸਜ਼ਾਵਾਂ ਦੀ ਅਰਦਾਸ ਕੀਤੀ ਗਈ। ਇਸ ਪਿੱਛੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਗੁਰ-ਦੁਆਰਾ ਸੰਤੋਖਸਰ ਦੇ ਬਾਹਰ ਹੈਰੀਟੇਜ ਸਟਰੀਟ ਵਿਚ ਦੋ ਦਿਨ ਦਾ ਧਰਨਾ ਸ਼ੁਰੂ ਕੀਤਾ ਗਿਆ, ਜਿਸ ਵਿਚ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਬਿਕਰਮ ਸਿੰਘ ਮਜੀਠੀਆ ਤੇ ਹੋਰ ਅਕਾਲੀ ਆਗੂ ਸ਼ਾਮ ਤੱਕ ਬੈਠੇ ਰਹੇ।

ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਿੱਖ ਇਤਿਹਾਸ ਨਾਲ ਛੇੜ-ਛਾੜ ਕਰ ਕੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਗਿਆ ਹੈ, ਜਿਸ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਾਂ ਤੋਂ ਮੁਆਫ਼ੀ ਮੰਗੇ ਤੇ ਜਿਨ੍ਹਾਂ ਨੇ ਇਤਿਹਾਸ ਨਾਲ ਛੇੜ-ਛਾੜ ਕੀਤੀ ਹੈ, ਉਨ੍ਹਾਂ ਉਤੇ ਕਾਰਵਾਈ ਕਰੇ। ਉਨ੍ਹਾਂ ਅਲਟੀਮੇਟਮ ਦਿੱਤਾ ਕਿ ਜੇ ਦੋ ਦਿਨਾਂ ਵਿਚ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾ ਹੋਵੇਗੀ ਤਾਂ ਅਕਾਲੀ ਦਲ ਇਸ ਬਾਰੇ ਲੋਕ ਅੰਦੋਲਨ ਸ਼ੁਰੂ ਕਰੇਗਾ। ਧਰਨੇ ਵਿਚ ਬੀਬੀ ਜਗੀਰ ਕੌਰ, ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ, ਸਾਬਕਾ ਮੰਤਰੀ ਉਪਿੰਦਰਜੀਤ ਕੌਰ, ਤੋਤਾ ਸਿੰਘ ਅਤੇ ਗੁਲਜ਼ਾਰ ਸਿੰਘ ਰਣੀਕੇ, ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਮਨਜੀਤ ਸਿੰਘ, ਵੀਰ ਸਿੰਘ ਲੋਪੋਕੇ, ਗੁਰਪ੍ਰਤਾਪ ਸਿੰਘ ਟਿੱਕਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਤੇ ਹੋਰ ਅਕਾਲੀ ਆਗੂ ਸ਼ਾਮਲ ਸਨ। ਮਾਝੇ ਦੇ ਨਾਰਾਜ਼ ਅਕਾਲੀ ਆਗੂ ਅੱਜ ਦੇ ਅਕਾਲੀ ਧਰਨੇ ਵਿਚ ਸ਼ਾਮਲ ਨਹੀਂ ਹੋਏ, ਪਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਕੁਝ ਨੇੜਲੇ ਸਾਥੀ ਸ਼ਾਮਲ ਹੋਏ ਸਨ। ਭਾਜਪਾ ਦਾ ਕੋਈ ਆਗੂ ਧਰਨੇ ਵਿਚ ਨਹੀਂ ਪੁੱਜਾ। ਇਸ ਮੌਕੇ ਅਕਾਲੀ ਕਾਰਕੁਨਾਂ ਵਾਸਤੇ ਲੰਗਰ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤਾ ਗਿਆ ਸੀ।

# ਦੁਸਹਿਰਾ ਹਾਦਸਾ: ਡੀ ਐੱਮ ਯੂ ਰੇਲ ਗੱਡੀ ਦੇ ਡਰਾਈਵਰ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਦੇ ਆਸਾਰ



ਚੰਡੀਗੜ੍ਹ, 1 ਨਵੰਬਰ, (ਪੋਸਟ ਬਿਊਰੋ)- ਅੰਮ੍ਰਿਤਸਰ ਰੇਲ ਹਾਦਸੇ ਨਾਲ ਜੁੜੀ ਰੇਲ ਗੱਡੀ (ਡੀ ਐਮ ਯੂ) ਦੇ ਡਰਾਈਵਰ ਦਾ ਲਾਈ ਡਿਟੈਕਟਰ ਟੈਸਟ ਕਰਾਉਣ ਬਾਰੇ ਰੇਲਵੇ ਪੁਲੀਸ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਰੇਲਵੇ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸੇ ਤੋਂ ਬਾਅਦ ਇਸ ਡਰਾਈਵਰ ਦਾ ਬਿਆਨ ਸ਼ੱਕੀ ਜਾਪਦਾ ਹੈ, ਇਸ ਲਈ ਮਾਮਲੇ ਦੀ ਤਹਿ ਤੱਕ ਜਾਣਾ ਜ਼ਰੂਰੀ ਹੈ।

ਇੱਕ ਸੀਨੀਅਰ ਅਧਿਕਾਰੀ ਦੇ ਮੁਤਾਬਕ ਡਰਾਈਵਰ ਦਾ ਲਾਈ ਡਿਟੈਕਟਰ ਟੈਸਟ ਕਰਵਾਏ ਜਾਣ ਬਾਰੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ ਕੀਤੀ ਜਾਵੇਗੀ। ਇਸ ਅਧਿਕਾਰੀ ਨੇ ਕਿਹਾ ਕਿ ਡਰਾਈਵਰ ਨੇ ਜਿਵੇਂ ਲੋਕਾਂ ਵੱਲੋਂ ਵੱਟੇ ਮਾਰਨ ਦਾ ਬਿਆਨ ਦਿੱਤਾ ਹੈ, ਉਸ ਵਿੱਚ ਸ਼ੱਕ ਦੀ ਗੁੰਜਾਇਸ਼ ਹੈ। ਇਸ ਦੇ ਨਤੀਜੇ ਤੱਕ ਪਹੁੰਚਣ ਲਈ ਲਾਈ ਟੈਸਟ ਕਰਾਉਣਾ ਪੈ ਸਕਦਾ ਹੈ। ਰੇਲਵੇ ਪੁਲਸ ਦੇ ਸੂਤਰਾਂ ਮੁਤਾਬਕ ਸੀਨੀਅਰ ਪੁਲੀਸ ਅਫਸਰਾਂ ਨੇ ਹਾਦਸੇ ਨਾਲ ਜੁੜੇ ਨਵੇਂ ਅਤੇ ਤਕਨੀਕੀ ਪਹਿਲੂਆਂ ਬਾਰੇ ਵੀ ਪੜਤਾਲ ਕਰਨ ਲਈ ਕਿਹਾ ਹੈ। ਇਸ ਦੌਰਾਨ ਇਸ ਰੇਲ ਹਾਦਸੇ ਨਾਲ ਜੁੜੀਆਂ ਤੰਦਾਂ ਖੋਲ੍ਹਣ ਲਈ ਫੋਰੈਂਸਿਕ ਸਾਇੰਸ ਲੈਬੋਰੇਟਰੀ ਚੰਡੀਗੜ੍ਹ ਨੇ ਵੀ ਰੇਲਵੇ ਪੁਲੀਸ ਰਾਹੀਂ ਰੇਲ ਵਿਭਾਗ ਨੂੰ ਪੱਤਰ ਭੇਜਿਆ ਹੈ। ਲੈਬ ਦੇ ਡਿਪਟੀ ਡਾਇਰੈਕਟਰ ਡਾ. ਦੀਪਕ ਮਿੱਢਾ ਵੱਲੋਂ ਲਿਖੇ ਪੱਤਰ ਵਿੱਚ ਜਿਹੜੇ ਸਵਾਲ ਪੁੱਛੇ ਗਏ ਹਨ, ਉਸ ਨਾਲ ਰੇਲਵੇ ਦੀਆਂ ਵੀ ਕਈ ਖਾਮੀਆਂ ਲੱਭਣ ਦੀ ਉਮੀਦ ਹੈ। ਫੋਰੈਂਸਿਕ ਮਾਹਿਰਾਂ ਨੇ 22 ਨੁਕਤਿਆਂ ਦਾ ਜਵਾਬ ਮੰਗਿਆ ਹੈ। ਮਾਹਿਰਾਂ ਨੇ ਗਵਾਹਾਂ ਦੇ ਬਿਆਨ, ਪੁਲੀਸ ਕਾਰਵਾਈ ਦੀਆਂ ਰਿਪੋਰਟਾਂ ਤੇ ਘਟਨਾ ਦੀਆਂ ਵੀਡੀਓਜ਼ ਅਤੇ ਫੋਟੋਜ਼ ਵੀ ਮੰਗੀਆਂ ਹਨ। ਫੋਰੈਂਸਿਕ ਮਾਹਿਰਾਂ ਨੇ ਰੇਲਵੇ ਵਿਭਾਗ ਨੂੰ ਇਸ ਹਾਦਸੇ ਨਾਲ ਸਬੰਧਤ ਰੇਲ ਗੱਡੀ ਨਾਲ ਮਿਲਦੀ ਜੁਲਦੀ ਗੱਡੀ ਦੇ ਟਰਾਇਲ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਹੈ।

# ਭਾਜਪਾ ਨੂੰ ਡੱਕਣ ਦਾ ਮੋਰਚਾ ਬਣਾਉਣ ਵਾਸਤੇ ਰਾਹੁਲ ਤੇ ਨਾਇਡੂ ਵੱਲੋਂ ਮੀਟਿੰਗਾਂ ਦਾ ਮੁੱਢ



ਨਵੀਂ ਦਿੱਲੀ, 1 ਨਵੰਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਵੀਰਵਾਰ ਨੂੰ ਕਿਹਾ ਕਿ ਵਿਰੋਧੀ ਪਾਰਟੀਆਂ ਭਾਜਪਾ ਨੂੰ ਹਰਾਉਣ ਲਈ ਮਿਲ ਕੇ ਕੰਮ ਕਰਨਗੀਆਂ। ਤੇਲਗੂ ਦੇਸਮ ਪਾਰਟੀ ਦੇ ਆਗੂ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਨੇ ਅੱਜ ਰਾਹੁਲ ਗਾਂਧੀ ਨਾਲ ਇਥੇ ਮੁਲਾਕਾਤ ਕੀਤੀ।

ਇਸ ਮੌਕੇ ਚੰਦਰ ਬਾਬੂ ਨਾਇਡੂ ਦੀ ਹਾਜ਼ਰੀ ਵਿੱਚ ਰਾਹੁਲ ਗਾਂਧੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਦੇਸ਼ ਦੇ ਲੋਕਤੰਤਰੀ ਅਦਾਰਿਆਂ ਉੱਤੇ ਹਮਲੇ ਰੋਕਣ ਨੂੰ ਯਕੀਨੀ ਬਣਾਉਣਗੀਆਂ। ਰਾਹੁਲ ਗਾਂਧੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਬੇਰੁਜ਼ਗਾਰੀ ਅਤੇ ਰਾਫ਼ਾਲ ਜੈੱਟ ਜਹਾਜ਼ ਸੌਦੇ ਵਿੱਚ ਭ੍ਰਿਸ਼ਟਾਚਾਰ ਅਤੇ ਹੋਰ ਅਹਿਮ ਮੁੱਦੇ ਉਠਾ ਕੇ ਸਰਕਾਰ ਦਾ ਪਰਦਾ ਫ਼ਾਸ਼ ਕਰਨਗੀਆਂ। ਉਨ੍ਹਾਂ ਕਿਹਾ, 'ਇਹ ਸਾਫ ਹੈ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਜਿਹੜੇ ਅਦਾਰੇ ਜਾਂਚ ਕਰ ਰਹੇ ਹਨ, ਉਨ੍ਹਾਂ ਉੱਤੇ ਹਮਲੇ ਹੋ ਰਹੇ ਹਨ। ਭ੍ਰਿਸ਼ਟਾਚਾਰ ਦਾ ਪੈਸਾ ਕਿਥੇ ਗਿਆ ਤੇ ਕਿਸ ਨੇ ਕੀਤਾ, ਲੋਕ ਜਾਣਨਾ ਚਾਹੁੰਦੇ ਹਨ।'

ਚੰਦਰ ਬਾਬੂ ਨਾਇਡੂ ਨੇ ਕਿਹਾ ਕਿ ਉਹ ਵਿਰੋਧੀ ਧਿਰਾਂ ਨੂੰ ਇਕੱਠੇ ਕਰਨ ਲਈ ਸਾਰਿਆਂ ਨਾਲ ਵਿਚਾਰਾਂ ਕਰ ਰਹੇ ਹਨ। ਉਨ੍ਹਾਂ ਕਿਹਾ, 'ਅਸੀਂ ਸਾਂਝੇ ਮੰਚ ਵਿੱਚ ਮਿਲਾਂਗੇ ਅਤੇ ਰਣਨੀਤੀ ਬਣਾਵਾਂਗੇ।' ਉਨ੍ਹਾਂ ਕਿਹਾ, 'ਤੁਸੀਂ ਉਮੀਦਵਾਰਾਂ ਵਿੱਚ ਦਿਲਚਸਪੀ ਰਖਦੇ ਹੋ, ਸਾਨੂੰ ਦੇਸ਼ ਦਾ ਫਿਕਰ ਹੈ।' ਨਾਇਡੂ ਅਤੇ ਰਾਹੁਲ ਦੀ ਮੁਲਾਕਾਤ ਓਦੋਂ ਹੋਈ ਹੈ, ਜਦੋਂ ਤਿਲੰਗਾਨਾ ਵਿੱਚ 7 ਦਸੰਬਰ ਨੂੰ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਦੋਵੇਂ ਧਿਰਾਂ ਵਿੱਚ ਸੀਟਾਂ ਦੀ ਵੰਡ ਦੀ ਗੱਲਬਾਤ ਚੱਲ ਰਹੀ ਹੈ।

ਇਸ ਦੌਰਾਨ ਐੱਨ ਸੀ ਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ਸਰਕਾਰ ਨਾਲ ਟੱਕਰ ਲੈਣ ਲਈ ਗ਼ੈਰ-ਭਾਜਪਾ ਪਾਰਟੀਆਂ ਘੱਟੋ ਘੱਟ ਸਾਂਝਾ ਪ੍ਰੋਗਰਾਮ ਬਣਾ ਕੇ ਚੱਲਣਗੀਆਂ। ਉਨ੍ਹਾਂ 'ਚ ਸੱਦੀ ਜਾਵੇਗੀ।

## ਝੋਨਾ ਵੱਢਣ ਤੋਂ ਬਾਅਦ ਐਨ ਆਰ ਆਈ ਦੇ ਖੇਤ ਉਤੇ ਕਬਜ਼ਾ

ਕਪੂਰਥਲਾ, 1 ਨਵੰਬਰ (ਪੋਸਟ ਬਿਊਰੋ)- ਐਨ ਆਰ ਆਈ ਦੀ ਜ਼ਮੀਨ 'ਤੇ ਝੋਨੇ ਦੀ ਫਸਲ ਵੱਢਣ ਪਿੱਛੋਂ ਦੋਸ਼ੀਆਂ ਨੇ ਕਬਜ਼ਾ ਕਰ ਲਿਆ। ਥਾਣਾ ਸੁਭਾਨਪੁਰ ਪੁਲਸ ਨੇ ਛੇ ਔਰਤਾਂ ਸਮੇਤ 14 ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਸਵਰਣ ਸਿੰਘ ਨਿਵਾਸੀ ਨਡਾਲਾ ਨੇ ਥਾਣਾ ਸੁਭਾਨਪੁਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੇ ਦੋ ਸਾਲੇ ਬਚਨ ਸਿੰਘ ਤੇ ਮਨਜਿੰਦਰ ਸਿੰਘ ਵਾਸੀ ਨਡਾਲਾ ਹਾਲ ਵਾਸੀ ਅਮਰੀਕਾ ਦੀ ਪਿੰਡ ਬਿਲਪੁਰ ਵਿੱਚ ਪੰਜ ਏਕੜ ਜ਼ਮੀਨ ਦੀ ਪਾਵਰ ਆਫ ਅਟਾਰਨੀ ਉਸ ਕੋਲ ਹੈ। ਇਹ ਜ਼ਮੀਨ ਉਸ ਦੇ ਦੋਵੇਂ ਸਾਲਿਆਂ ਨੇ ਤਾਰਾ ਸਿੰਘ ਤੇ ਹਰਬੰਸ ਸਿੰਘ ਨਿਵਾਸੀ ਨਡਾਲਾ ਤੋਂ ਖਰੀਦੀ ਸੀ। ਪਿਛਲੇ 10 ਸਾਲ ਤੋਂ ਉਹ ਉਸ ਜ਼ਮੀਨ 'ਤੇ ਖੇਤੀ ਕਰ ਰਿਹਾ ਹੈ। ਬੀਤੀ 25 ਅਕਤੂਬਰ ਦੀ ਰਾਤ ਤਾਰਾ ਸਿੰਘ, ਉਸ ਦੀਆਂ ਧੀਆਂ ਬਿੰਦਰ ਕੌਰ, ਰਣਜੀਤ ਕੌਰ, ਸਵਰਣ ਕੌਰ ਬਲਦੀਆਂ ਹੋਈਆਂ ਮਸ਼ਾਲਾਂ ਲੈ ਕੇ ਜਸਵੀਰ ਸਿੰਘ, ਮਨਜੀਤ ਕੌਰ, ਜਸਵੰਤ ਸਿੰਘ, ਪਰਮਵੀਰ ਸਿੰਘ, ਹਰਪ੍ਰੀਤ ਸਿੰਘ ਹੈਪੀ, ਜਸਕਰਨ ਸਿੰਘ, ਦਲਜੀਤ ਸਿੰਘ ਨਾਲ ਦਾਤਰ ਲੈ ਕੇ ਕੰਬਾਈਨ ਤੇ ਦੋ ਟਰੈਕਟਰਾਂ ਦੀ ਮਦਦ ਨਾਲ ਉਨ੍ਹਾਂ ਦੀ ਚਾਰ ਏਕੜ ਜ਼ਮੀਨ ਤੋਂ ਝੋਨੇ ਦੀ ਫਸਲ ਕੱਟ ਲਈ। ਇਸ ਦੀ ਉਸ ਨੇ ਗੰਨੇ ਦੇ ਖੇਤ ਵਿੱਚ ਲੁਕ ਕੇ ਵੀਡੀਓ ਵੀ ਬਣਾਈ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878. www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਬੰਬ ਧਮਾਕੇ ਕਰਨ ਦੀ ਯੋਜਨਾ ਪੁਲਸ ਨੇ ਨਾਕਾਮ ਕੀਤੀ

## * ਤੰਦਾਂ ਰਿਫਰੈਂਡਮ ਗਰੁੱਪ ਨਾਲ ਜੁੜਨ ਲੱਗੀਆਂ



ਪਟਿਆਲਾ, 1 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲੀਸ ਨੇ ਅੱਜ ਆਈ ਐਸ ਆਈ ਦੀ ਹਮਾਇਤ ਵਾਲੇ ਅਤੇ ਸਿੱਖਸ ਫਾਰ ਜਸਟਿਸ ਦੇ ਸਮੱਰਥਕ ਇੱਕ ਨੌਜਵਾਨ ਸ਼ਬਨਮਦੀਪ ਸਿੰਘ ਉਰਫ਼ ਮਨਿੰਦਰ ਲਾਹੌਰੀਆ ਸ਼ੇਰੂ ਉਰਫ਼ ਦੀਪ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਪਿਸਤੌਲ ਅਤੇ ਹੈਂਡ ਗ੍ਰਨੇਡ ਬਰਾਮਦ ਕੀਤਾ ਹੈ। ਪਿੰਡ ਦਫਤਰੀਵਾਲਾ (ਜ਼ਿਲ੍ਹਾ ਪਟਿਆਲਾ) ਦੇ ਸ਼ਬਨਮਦੀਪ ਦੀ ਪਟਿਆਲਾ ਸ਼ਹਿਰ ਦੇ ਭੀੜ ਭੜੱਕੇ ਵਾਲੇ ਇਲਾਕੇ ਵਿਚ ਅੱਜ ਧਮਾਕਾ ਕਰਨ ਦੀ ਯੋਜਨਾ ਸੀ। ਕਿਹਾ ਜਾਂਦਾ ਹੈ ਕਿ ਉਸ ਨੂੰ ਵਿਦੇਸ਼ ਤੋਂ ਦਸ ਲੱਖ ਰੁਪਏ ਮਿਲਣੇ ਸਨ ਤੇ ਪੰਜਾਹ ਹਜ਼ਾਰ ਰੁਪਏ ਪੇਸ਼ਗੀ ਮਿਲ ਚੁੱਕੇ ਸਨ। ਪੁਲਸ ਨੇ ਉਸ ਨੂੰ 'ਖਾਲਿਸਤਾਨ ਗਦਰ ਫੋਰਸ' ਦਾ ਆਗੂ ਦੱਸਿਆ ਹੈ। ਉਸ ਨੂੰ ਪਟਿਆਲਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਥੋਂ ਪੰਜ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ।

ਪਟਿਆਲਾ ਦੇ ਐਸ ਐਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸ਼ਬਨਮਦੀਪ ਨੂੰ ਏਥੇ ਲਾਹੌਰੀ ਗੇਟ ਇਲਾਕੇ ਤੋਂ ਫੜਿਆ ਗਿਆ ਹੈ। ਉਸ ਦੇ ਖ਼ਿਲਾਫ਼ ਰਾਜਸਥਾਨ ਵਿਚ ਕੇਸ ਦਰਜ ਹੈ, ਜਿੱਥੋਂ ਉਹ ਜ਼ਮਾਨਤ 'ਤੇ ਆਇਆ ਹੈ। ਉਸ ਨੂੰ ਡੀ ਐਸ ਪੀ (ਡੀ) ਸੁਖਮਿੰਦਰ ਸਿੰਘ ਚੌਹਾਨ ਦੀ ਅਗਵਾਈ ਹੇਠ ਸੀ ਆਈ ਏ ਸਟਾਫ਼ ਸਮਾਣਾ ਦੀ ਟੀਮ ਨੇ ਫੜਿਆ ਹੈ। ਪੁਲੀਸ ਦੇ ਦੱਸਣ ਮੁਤਾਬਕ ਸ਼ਬਨਮਦੀਪ ਨੇ 'ਜਰਨੈਲ ਸਿੰਘ ਭਿੰਡਰਾਂਵਾਲਾ' ਦੀ ਪ੍ਰੋਫਾਈਲ ਤਸਵੀਰ ਨਾਲ 'ਲਾਹੌਰੀਆ ਜੱਟ ਗਿੱਲ' ਦੇ ਨਾਮ ਹੇਠ ਫੇਸਬੁੱਕ ਅਕਾਊਂਟ ਬਣਾਇਆ ਹੋਇਆ ਹੈ। ਪੁਲੀਸ ਜਾਂਚ ਮੁਤਾਬਕ ਉਸ ਨੇ ਜੁਲਾਈ 2018 ਵਿਚ ਪਾਕਿਸਤਾਨ ਤੋਂ ਇੱਕ ਸ਼ੱਕੀ ਪਾਕਿਸਤਾਨੀ ਖੁਫ਼ੀਆ ਅਧਿਕਾਰੀ ਨਾਲ ਸੰਪਰਕ ਕੀਤਾ ਤੇ ਉਸ ਨੂੰ ਪਾਕਿਸਤਾਨੀ ਸਿੱਖ ਗੋਪਾਲ ਸਿੰਘ ਚਾਵਲਾ ਨਾਲ ਮਿਲਾਇਆ। ਸ਼ਬਨਮਦੀਪ ਦਾ ਨਿਹਾਲ ਸਿੰਘ ਨਾਮ ਦੇ ਵਿਅਕਤੀ ਨਾਲ ਵੀ ਸੰਪਰਕ ਸੀ।

ਇਸ ਦੌਰਾਨ ਪੰਜਾਬ ਪੁਲਸ ਦੇ ਮੁਖੀ ਸੁਰੇਸ਼ ਅਰੋੜਾ ਨੇ ਕਿਹਾ ਕਿ ਸ਼ਬਨਮਦੀਪ ਦੀ ਗ੍ਰਿਫ਼ਤਾਰੀ ਤੋਂ ਸਾਫ਼ ਹੋ ਗਿਆ ਕਿ ਹਿੰਸਾ, ਸਾੜ-ਫੂਕ ਜਿਹੀਆਂ ਗਤੀਵਿਧੀਆਂ ਰਾਹੀਂ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਰੈਫਰੈਂਡਮ 2020 ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਇਨ੍ਹਾਂ ਦੇਸ਼ ਵਿਰੋਧੀ ਤੇ ਫਿਰਕੂ ਤਾਕਤਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਤੇ ਕਿਹਾ ਕਿ ਜਾਵੇਦ ਖ਼ਾਨ ਨੇ ਮਿੱਥ ਕੇ ਕਤਲ ਦਾ ਕੰਮ ਸ਼ਬਨਮਦੀਪ ਨੂੰ ਸੌਂਪਿਆ ਤੇ ਏਦਾਂ ਦੀ ਹਰ ਵਾਰਦਾਤ ਲਈ 10 ਲੱਖ ਰੁਪਏ ਦੇਣ ਵਾਅਦਾ ਕੀਤਾ ਸੀ।

# ਕਿਤਾਬ ਮੁੱਦੇ 'ਤੇ ਮਾਹਰ ਕਮੇਟੀ ਦੇ ਵਿਦਵਾਨ ਮੈਂਬਰਾਂ ਨੇ ਆਪਣਾ ਪੱਖ ਰੱਖਿਆ

ਐਸ ਏ ਐਸ ਨਗਰ (ਮੁਹਾਲੀ), 1 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਦੇ ਵਿਵਾਦ ਪਿੱਛੋਂ ਬਣਾਈ ਗਈ ਸਿੱਖ ਵਿਦਵਾਨਾਂ ਦੀ ਛੇ ਮੈਂਬਰੀ ਵਿਸ਼ੇਸ਼ ਕਮੇਟੀ ਦੇ ਚਾਰ ਮੈਂਬਰਾਂ, ਕਮੇਟੀ ਦੇ ਮੁਖੀ ਡਾ. ਕਿਰਪਾਲ ਸਿੰਘ, ਡਾ. ਜੇ ਐੱਸ ਗਰੇਵਾਲ, ਡਾ. ਪ੍ਰਿਥੀਪਾਲ ਸਿੰਘ ਕਪੂਰ ਤੇ ਡਾ. ਇੰਦੂ ਬੰਗਾ ਨੇ ਅੱਜ ਮੀਡੀਆ ਅੱਗੇ ਵੱਖ ਵੱਖ ਪਹਿਲੂਆਂ ਬਾਰੇ ਗੱਲ ਕਰ ਕੇ ਸਾਫ ਕਿਹਾ ਉਨ੍ਹਾਂ ਦਾ ਕਿਸੇ ਸਿਆਸੀ ਪਾਰਟੀ ਨਾਲ ਸਬੰਧ ਨਹੀਂ ਤੇ ਕਮੇਟੀ ਮੈਂਬਰਾਂ ਦਾ ਸਾਰਾ ਜੀਵਨ ਇਤਿਹਾਸ ਨੂੰ ਸਮਰਪਿਤ ਹੈ ਅਤੇ ਉਹ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਧਰਮ ਦਾ ਪੂਰਾ ਸਤਿਕਾਰ ਕਰਦੇ ਹਨ, ਪਰ ਕਿਤਾਬ ਲਿਖਣ ਵੇਲੇ ਸ਼ਰਧਾ ਨਹੀਂ, ਅਕਾਦਮਿਕ ਖੇਤਰ ਨੂੰ ਦੇਖਿਆ ਜਾਂਦਾ ਹੈ।

ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਕਿਹਾ ਕਿ ਉਹ ਸਾਰੇ ਲੰਬੇ ਸਮੇਂ ਤੋਂ ਇਤਿਹਾਸ ਦੀ ਖੋਜ ਤੇ ਇਤਿਹਾਸਕ ਕਿਤਾਬਾਂ ਰਚਣ ਦੇ ਕਾਰਜ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਇਤਿਹਾ-ਸਕਾਰਾਂ ਅਤੇ ਸਿੱਖਿਆ ਮਾਹਿਰਾਂ ਦੀ ਕਮੇਟੀ ਨੇ ਆਪਣੀ ਪਹਿਲੀ ਮੀਟਿੰਗ ਵਿੱਚ ਸਕੂਲ ਬੋਰਡ ਵੱਲੋਂ ਬਣਾਏ ਸਿਲੇਬਸ ਨੂੰ ਮੁੱਢੋਂ ਰੱਦ ਕਰ ਕੇ ਸ਼ਿਫਾਰਸ਼ ਕੀਤੀ ਕਿ ਨਵੀਂ ਕਿਤਾਬ ਇਤਿਹਾਸ ਦੇ ਪ੍ਰਵਾਨਿਤ ਸਰੋਤਾਂ ਅਨੁਸਾਰ ਲਿਖਵਾਈ ਜਾਵੇ ਤੇ ਚਾਲੂ ਵਿਦਿਅਕ ਸਾਲ 2018-19 ਲਈ ਪੁਰਾਣਾ ਸਿਲੇਬਸ ਅਤੇ ਪੁਰਾਣੀ ਕਿਤਾਬ ਜਾਰੀ ਰੱਖੀ ਜਾਵੇ, ਮੁੱਖ ਮੰਤਰੀ ਨੇ ਕਮੇਟੀ ਦੇ ਪਹਿਲੇ ਫ਼ੈਸਲੇ ਨੂੰ ਮਾਨਤਾ ਦਿੰਦੇ ਹੋਏ ਹਾਲ ਦੀ ਘੜੀ ਪੁਰਾਣੀ ਕਿਤਾਬ ਪੜ੍ਹਾਉਣ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਬਾਰ੍ਹਵੀਂ ਦੀ ਇਤਿਹਾਸ ਦੀ ਕਿਤਾਬ ਦੇ ਚੈਪਟਰਾਂ ਦੀ ਸੋਧ ਕੀਤੀ ਗਈ ਹੈ, ਜੋ ਵੱਖ ਵੱਖ ਸਮੇਂ ਦੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਵੱਲੋਂ ਲਿਖੇ ਗ੍ਰੰਥਾਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀ ਜਾਂ ਰਾਜਸੀ ਲੋਕ ਸਿਰਫ਼ ਗ਼ਲਤੀ ਲੱਭਣ ਦੀ ਮਨਸ਼ਾ ਨਾਲ ਕਿਤਾਬ ਵਿਚ ਦਰਜ ਕੁਝ ਤੱਥਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਹੜਾ ਕਿ ਨਹੀਂ ਬਣਾਇਆ ਜਾਣਾ ਚਾਹੀਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਡਾ: ਕਿਰਪਾਲ ਸਿੰਘ ਨੇ ਕਿਹਾ ਕਿ ਆਲੋਚਕਾਂ ਨੂੰ ਗ਼ਲਤੀ ਲੱਗਦੀ ਹੈ, ਤੀਜੇ ਚੈਪਟਰ ਦਾ ਇਕ ਪੂਰਾ ਹਿੱਸਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿਰਲੇਖ ਹੇਠ ਹੈ। ਗੁਰਮਤਿ ਸਾਹਿਤ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਕਵੀ ਸੈਨਾਪਤੀ ਨੇ ਆਪਣੀ ਕਿਤਾਬ ਸ੍ਰੀ ਗੁਰ ਸੋਭਾ ਵਿੱਚ ਕਿਤੇ ਵੀ ਸ਼ਹੀਦ ਸ਼ਬਦ ਨਹੀਂ ਵਰਤਿਆ। ਉਨ੍ਹਾਂ ਕਿਹਾ ਕਿ ਸ਼ਹੀਦ ਫਾਰਸੀ ਦਾ ਲਫ਼ਜ਼ ਹੈ ਤੇ ਸਿੱਖ ਇਤਿਹਾਸ ਵਿੱਚ ਗੁਰੂ ਸਾਹਿਬਾਨ ਲਈ ਜੋਤੀ-ਜੋਤ ਸਮਾਉਣਾ ਸ਼ਬਦ ਪ੍ਰਚੱਲਤ ਹੈ। ਉਨ੍ਹਾਂ ਭਾਈ ਗੁਰਦਾਸ ਜੀ ਦੀ ਵਾਰ ਦਾ ਹਵਾਲਾ ਦੇ ਕੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਜੋਤੀ-ਜੋਤ ਸਮਾਉਣ ਸ਼ਬਦ ਉੱਤੇ ਇਤਰਾਜ਼ ਹੈ, ਉਹ ਇਹ ਇਤਰਾਜ਼ ਭਾਈ ਗੁਰਦਾਸ ਜੀ ਉੱਤੇ ਕਰ ਰਹੇ ਹਨ।

ਇੱਕ ਹੋਰ ਇਤਹਾਸਕਾਰ ਡਾ. ਪ੍ਰਿਥੀਪਾਲ ਸਿੰਘ ਕਪੂਰ ਨੇ ਕਿਹਾ ਕਿ ਕੁਝ ਕੁ ਸ਼ਬਦਾਂ ਦੀਆਂ ਤਕਨੀਕੀ ਗ਼ਲਤੀਆਂ ਰਹਿ ਗਈਆਂ ਤੇ ਕੁਝ ਗ਼ਲਤੀਆਂ ਅੰਗਰੇਜ਼ੀ ਦੇ ਖਰੜੇ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਵੇਲੇ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਲੋਚਕ ਕਿਤਾਬ ਦੀ ਪੜਚੋਲ ਨਹੀਂ ਕਰਦੇ, ਗਿਣੇ-ਮਿੱਥੇ ਢੰਗ ਨਾਲ ਨਿੰਦਾ ਕਰ ਰਹੇ ਹਨ। ਡਾ. ਜੇ ਐੱਸ ਗਰੇਵਾਲ ਨੇ ਕਿਹਾ ਕਿ ਨਵਾਂ ਸਿਲੇਬਸ ਸ਼੍ਰੋਮਣੀ ਕਮੇਟੀ ਦੇ ਦੋ ਮੈਂਬਰਾਂ ਸਣੇ ਸਮੁੱਚੀ ਕਮੇਟੀ ਦੀ ਸਰਬ ਸੰਮਤੀ ਨਾਲ ਬਣਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜਿੰਨਾ ਸਿੱਖ ਇਤਿਹਾਸ ਇਸ ਵਾਰ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਪਹਿਲਾਂ ਕਦੇ ਵੀ ਨਹੀਂ ਸੀ। ਜਿਹੜੇ ਸਿਆਸੀ ਲੋਕ ਇਤਰਾਜ਼ ਕਰਦੇ ਹਨ, ਉਹ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਹੇ ਹਨ। ਆਲੋਚਨਾ ਕਰਦੇ ਲੋਕਾਂ ਨੇ ਕਮੇਟੀ ਮੈਂਬਰਾਂ ਦੀਆਂ ਕਿਤਾਬਾਂ ਵੀ ਨਹੀਂ ਪੜ੍ਹੀਆਂ ਹੋਣੀਆਂ ਅਤੇ ਨਾ ਇਸ ਨਵੀਂ ਕਿਤਾਬ ਦੇ ਚੈਪਟਰ ਪੜ੍ਹੇ ਹਨ। ਡਾ. ਇੰਦੂ ਬੰਗਾ ਨੇ ਕਿਹਾ ਕਿ ਅਜੇ ਕਿਤਾਬ ਤਿਆਰ ਹੋ ਰਹੀ ਹੈ ਤੇ ਇਹ ਕੰਮ ਮੁਕੰਮਲ ਹੋਣ ਤੱਕ ਸਾਰੀਆਂ ਛੋਟੀਆਂ-ਛੋਟੀਆਂ ਤਰੁਟੀਆਂ ਦੂਰ ਕਰ ਦਿੱਤੀਆਂ ਜਾਣਗੀਆਂ।

ਇਸ ਦੌਰਾਨ ਪੰਜਾਬ ਦੇ ਪੇਂਡੂ ਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਪੱਸ਼ਟ ਕੀਤਾ ਕਿ ਉਹ ਇਤਿਹਾਸ ਨੂੰ ਕਿਸੇ ਵੀ ਪੱਧਰ ਤੇ ਕਿਸੇ ਵੱਲੋਂ ਤਰੋੜ ਮਰੋੜ ਕੇ ਪੇਸ਼ ਕਰਨ ਦੇ ਖ਼ਿਲਾਫ਼ ਹਨ। ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਕਿ ਉਹ ਖੁਦ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀਆਂ ਸਿੱਖ ਇਤਿਹਾਸ ਦੀਆਂ ਕਿਤਾਬਾਂ ਵਿਚ ਤੱਥਾਂ ਨੂੰ ਤੋੜਨ ਮਰੋੜਨ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ। ਬਾਜਵਾ ਨੇ ਕਿਹਾ ਕਿ ਜਾਪਦਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਗੋਬਿੰਦ ਸਿੰਘ ਲੌਂਗੋਵਾਲ ਸਮਕਾਲੀ ਇਤਿਹਾਸ ਤੋਂ ਵੀ ਜਾਣੂ ਨਹੀਂ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ ਵਿਚ ਏਦਾਂ ਦੀਆਂ ਗ਼ਲਤੀਆਂ ਸਨ, ਜਿਸ ਕਾਰਨ ਵਾਪਸ ਲੈਣੀਆਂ ਪਈਆਂ ਸਨ। ਉਨ੍ਹਾਂ ਪੁੱਛਿਆ ਕਿ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੀ ਹਿੰਦੀ ਵਿਚ ਸਿੱਖ ਇਤਿਹਾਸ ਦੀ ਪੁਸਤਕ, ਜਿਹੜੀ ਸਾਲ 2007 ਵਿਚ ਰੋਸ ਪ੍ਰਦਰਸ਼ਨ ਕੀਤੇ ਜਾਣ ਪਿੱਛੋਂ ਵਾਪਸ ਲਈ ਸੀ, ਦੇ ਸਬੰਧ ਵਿਚ ਪ੍ਰਕਾਸ਼ਕਾਂ ਦੇ ਖ਼ਿਲਾਫ਼ ਕੀ ਕਾਰਵਾਈ ਕੀਤੀ ਹੈ? ਉਨ੍ਹਾਂ ਕਿਹਾ ਕਿ ਭੁੱਲਣ ਦੀ ਬਿਮਾਰੀ ਤੋਂ ਪੀੜਤ ਇਨ੍ਹਾਂ ਦੋਵੇਂ ਅਕਾਲੀ ਆਗੂਆਂ ਨੂੰ ਯਾਦ ਕਰਨਾ ਬਣਦਾ ਹੈ ਕਿ 'ਸਿੱਖ ਇਤਿਹਾਸ' ਬਾਰੇ ਕਿਤਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਛਾਪੀ ਤੇ ਸਤੰਬਰ 2007 ਵਿਚ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਇਸ ਦੇ ਖ਼ਿਲਾਫ਼ ਮੁਜ਼ਾਹਰੇ ਹੋਏ ਤੇ ਇਹ ਵਾਪਸ ਲੈਣੀ ਪਈ ਸੀ, ਕਿਉਂਕਿ ਅਖਬਾਰੀ ਰਿਪੋਰਟਾਂ ਦੇ ਅਨੁਸਾਰ ਇਸ ਵਿੱਚ ਸਿੱਖ ਗੁਰੂਆਂ ਬਾਰੇ ਅਪਸ਼ਬਦ ਲਿਖੇ ਗਏ ਸਨ।

# ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਵਾਂਗੇ : ਡਿਪਟੀ ਕਮਿਸ਼ਨਰ

## ਪੰਜਾਬੀ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਨੂੰ ਵਫਦ ਵੱਲੋਂ ਬੇਨਤੀ ਪੱਤਰ ਭੇਂਟ

ਮੋਗਾ, 1 ਨਵੰਬਰ : ਅੱਜ ਪੰਜਾਬ ਦਿਵਸ਼ ਮੌਕੇ ਪੰਜਾਬੀ ਦੇ ਪ੍ਰਚਾਰ ਤੇ ਪਸਾਰ, ਭਾਸ਼ਾ ਕਨੂੰਨ ਨੂੰ ਲਾਗੂ ਕਰਵਾਉਣ ਅਤੇ ਦਫ਼ਤਰਾਂ ਤੇ ਵਿੱਦਿਅਕ ਅਦਾਰਿਆਂ ਵਿਚ ਪੰਜਾਬੀ ਵਿੱਚ ਕੰਮ ਨੂੰ ਯਕੀਨੀ ਬਣਾਉਣ ਅਤੇ ਢੁੱਕਵੇਂ ਕਦਮ ਚੁੱਕਣ ਲਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੇ ਯੂਨਿਟ ਮੋਗਾ ਵਲੋ ਕਰਨਲ ਬਾਬੂ ਸਿੰਘ ਸਰਪ੍ਰਸਤ, ਡਾ. ਸੁਰਜੀਤ ਸਿੰਘ ਦੌਧਰ ਜ਼ਿਲ੍ਹਾ ਸੰਚਾਲਕ ਅਤੇ ਗਿਆਨ ਸਿੰਘ ਪ੍ਰਚਾਰ ਸਕੱਤਰ ਨੇ ਸ੍ਰੀ ਸੰਦੀਪ ਹੰਸ ਡਿਪਟੀ ਕਮਿਸ਼ਨਰ ਮੋਗਾ ਨੂੰ ਬੇਨਤੀ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਕਰਵਾਉਣ ਲਈ ਆਦੇਸ ਜਾਰੀ ਕੀਤੇ ਜਾਣ।

ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਹੇਠਲੇ ਪੱਧਰ ਤੇ ਪੰਜਾਬੀ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਲੜੀਦੀਆਂ ਹਦਾਇਤਾਂ ਸਾਰਿਆਂ ਮਹਿਕਮਿਆਂ ਨੂੰ ਜਾਰੀ ਕੀਤੀਆਂ ਜਾਣਗੀਆਂ ਅਤੇ ਮਾਸਿਕ ਮਿਟੰਗਾਂ ਦੌਰਾਨ ਵੀ ਅਧਿਕਾਰੀਆਂ ਨੂੰ ਪੰਜਾਬੀ ਦੀ ਵਰਤੋਂ ਲਈ ਪ੍ਰੇਰਨਾ ਕਰਨਗੇ।ਮਗਰੋਂ ਵਫਦ ਨੇ ਇਕ ਪੱਤਰ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈਕੰਡਰੀ) ਨੂੰ ਵੀ ਦਿੱਤਾ।


ਫੂਡ ਡਿਸਟਰੀਬਿਊਸ਼ਨ ਕੰਪਣੀ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ
(PART TIME/FULL TIME)

ਚੰਗੀ ਜੋਬ ਤੇ ਵਧੀਆ ਤਨਖਾਹ

Job Description:
- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

Requirements:
- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

Please Email your resume at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).



Jobs Jobs Jobs

General Labour/ Drivers/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



ASIAN FOOD CENTRE



SERVING FROM 10 LOCATIONS IN ALL THE GTA AREA:
1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



# ਭਾਰਤ ਦੀ ਵੈਸਟ ਇੰਡੀਜ਼ ’ਤੇ ਸ਼ਾਨਦਾਰ ਜਿੱਤ, ਲਗਾਤਾਰ ਛੇਵੀਂ ਲੜੀ ’ਤੇ ਕੀਤਾ ਕਬਜ਼ਾ

ਤਿਰੂਵਨੰਤਪੁਰਮ, 1 ਨਵੰਬਰ (ਪੋਸਟ ਬਿਊਰੋ)- ਭਾਰਤੀ ਟੀਮ ਨੇ ਅੱਜ ਇਥੇ ਪੰਜਵੇਂ ਤੇ ਲੜੀ ਦੇ ਆਖਰੀ ਇਕ ਰੋਜ਼ਾ ਮੈਚ ਵਿੱਚ ਵੈਸਟ ਇੰਡੀਜ਼ ਨੂੰ ਨੌਂ ਵਿਕਟਾਂ ਦੀ ਕਰਾਰੀ ਸ਼ਿਕਸਤ ਦਿੰਦਿਆਂ ਘਰੇਲੂ ਸਰਜ਼ਮੀਨ ’ਤੇ ਲਗਾਤਾਰ ਛੇਵੀਂ ਲੜੀ ਆਪਣੇ ਨਾਂ ਕਰ ਲਈ। ਖੱਬੇ ਹੱਥ ਦੇ ਸਪਿੰਨਰ ਰਵਿੰਦਰ ਜਡੇਜਾ ਵੱਲੋਂ ਲਈਆਂ ਚਾਰ ਵਿਕਟਾਂ ਦੀ ਮਦਦ ਨਾਲ ਭਾਰਤ ਨੇ ਇਥੇ ਗ੍ਰੀਨਫੀਲਡ ਸਟੇਡੀਅਮ ਵਿੱਚ ਵੈਸਟਇੰਡੀਜ਼ ਨੂੰ ਮਹਿਜ਼ 31.5 ਓਵਰਾਂ ਵਿੱਚ 104 ਦੌੜਾਂ ’ਤੇ ਸਮੇਟ ਦਿੱਤਾ। ਤੇਜ਼ ਗੇਂਦਬਾਜ਼ ਖਲੀਲ ਅਹਿਮਦ ਤੇ ਜਸਪ੍ਰੀਤ ਬਮਰਾਹ ਨੇ ਦੋ ਦੋ ਵਿਕਟ ਲਏ। ਘਰੇਲੂ ਟੀਮ ਨੇ ਇਸ ਮਾਮੂਲੀ ਜਿਹੇ ਟੀਚੇ ਨੂੰ ਮਹਿਜ਼ 14.5 ਓਵਰਾਂ ਵਿੱਚ ਪੂਰਾ ਕਰ ਲਿਆ। ਰੋਹਿਤ ਸ਼ਰਮਾ (54 ਗੇਂਦਾਂ ’ਤੇ 62 ਦੌੜਾਂ) ਅਤੇ ਕਪਤਾਨ ਵਿਰਾਟ ਕੋਹਲੀ (29 ਗੇਂਦਾਂ ’ਚ 33 ਦੌੜਾਂ) ਨੇ ਦੂਜੇ ਵਿਕਟ ਲਈ ਨਾਬਾਦ 99 ਦੌੜਾਂ ਦੀ ਭਾਈਵਾਲੀ ਕੀਤੀ। ਸ਼ਿਖਰ ਧਵਨ (6) ਇਕ ਵਾਰ ਫਿਰ ਨਿਗੂਣੇ ਸਕੋਰ ’ਤੇ ਆਊਟ ਹੋ ਗਿਆ। ਪਹਿਲੇ ਤਿੰਨ ਮੈਚਾਂ ਵਿੱਚ ਮੁਕਾਬਲੇ ਵਾਲੀ ਖੇਡ ਵਿਖਾਉਣ ਵਾਲੀ ਵੈਸਟ ਇੰਡੀਜ਼ ਦੀ ਟੀਮ ਨੇ ਅੱਜ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ। ਭਾਰਤ ਨੂੰ ਪਿਛਲੀ ਵਾਰ ਸਾਲ 2015 ਵਿੱਚ ਘਰੇਲੂ ਸਰਜ਼ਮੀਨ ’ਤੇ ਦੱਖਣੀ ਅਫ਼ਰੀਕਾ ਖ਼ਿਲਾਫ਼ ਖੇਡੀ ਲੜੀ ’ਚ 2-3 ਦੀ ਸ਼ਿਕਸਤ ਝੱਲਣੀ ਪਈ ਸੀ।




ਮੈਚ ਦੌਰਾਨ ਸ਼ਾਟ ਮਾਰਦਾ ਹੋਇਆ ਰੋਹਿਤ ਸ਼ਰਮਾ।

ਭਾਰਤੀ ਗੇਂਦਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਡੀ ਜਿੱਤ ਦੀ ਨੀਂਹ ਰੱਖੀ ਤੇ ਮਗਰੋਂ ਮੇਜ਼ਬਾਨ ਟੀਮ ਨੇ 105 ਦੌੜਾਂ ਦੇ ਟੀਚੇ ਨੂੰ ਪੂਰਾ ਕਰਨ ਵਿੱਚ ਜ਼ਰਾ ਵੀ ਸਮਾਂ ਬਰਬਾਦ ਨਹੀਂ ਕੀਤਾ। ਰੋਹਿਤ ਨੇ ਬਿਹਤਰੀਨ ਲੈਅ ਨੂੰ ਜਾਰੀ ਰੱਖਦਿਆਂ ਆਪਣਾ ਨੀਮ ਸੈਂਕੜਾ ਮੁਕੰਮਲ ਕੀਤਾ। ਇਸ ਦੌਰਾਨ ਉਹ ਕੈਲੰਡਰ ਸਾਲ 2018 ਵਿੱਚ 1000 ਦੌੜਾਂ ਬਣਾਉਣ ਵਾਲੇ ਖਿਡਾਰੀਆਂ ਦੀ ਸੂਚੀ ਵਿੱਚ ਸ਼ੁਮਾਰ ਹੋ ਗਿਆ। ਰੋਹਿਤ ਨੇ ਇਕ ਰੋਜ਼ਾ ਮੁਕਾਬਲਿਆਂ ’ਚ ਆਪਣਾ 200ਵਾਂ ਛੱਕਾ ਵੀ ਜੜਿਆ। ਇਸ ਦੌਰਾਨ ਉਪ ਕਪਤਾਨ ਨੂੰ 18 ਦੌੜਾਂ ਦੇ ਨਿੱਜੀ ਸਕੋਰ ’ਤੇ ਜੀਵਨਦਾਨ ਵੀ ਮਿਲਿਆ। ਉਧਰ ਕਪਤਾਨ ਕੋਹਲੀ ਦੂਜੇ ਸਿਰੇ ’ਤੇ ਮਜ਼ਬੂਤੀ ਨਾਲ ਟਿਕਿਆ ਰਿਹਾ। ਧਵਨ ਦੀ ਵਿਕਟ ਹਾਲਾਂਕਿ ਮਾਯੂਸ ਕਰਨ ਵਾਲੀ ਰਹੀ।



ਵੈਸਟ ਇੰਡੀਜ਼ ਦੇ ਬੱਲੇਬਾਜ਼ ਨੂੰ ਆਊਟ ਕਰਨ ਤੋਂ ਬਾਅਦ ਖ਼ੁਸ਼ੀ ਮਨਾਉਂਦੇ ਹੋਏ ਭਾਰਤੀ ਖਿਡਾਰੀ।

ਇਸ ਤੋਂ ਪਹਿਲਾਂ ਮਹਿਮਾਨ ਟੀਮ ਦੇ ਕਪਤਾਨ ਜੇਸਨ ਹੋਲਡਰ ਨੇ ਟਾਸ ਜਿੱਤ ਕੇ ਬੱਲੇਬਾਜ਼ੀ ਦਾ ਫ਼ੈਸਲਾ ਕੀਤਾ, ਪਰ ਕੈਰੇਬਿਆਈ ਟੀਮ ਸ਼ੁਰੂਆਤ ਤੋਂ ਹੀ ਮੁਸ਼ਕਲ ਵਿੱਚ ਦਿਸੀ। ਤੇਜ਼ ਗੇਂਦਬਾਜ਼ ਭੁਵਨੇਸ਼ਵਰ ਕੁਮਾਰ ਨੇ ਮੈਚ ਦੀ ਚੌਥੀ ਗੇਂਦ ’ਤੇ ਕੀਰੋਨ ਪਾਵੇਲ ਨੂੰ ਬਿਨਾਂ ਖਾਤਾ ਖੋਲ੍ਹਿਆਂ ਵਿਕਟਾਂ ਦੇ ਪਿੱਛੇ ਮਹਿੰਦਰ ਸਿੰਘ ਧੋਨੀ ਹੱਥੋਂ ਕੈਚ ਆਊਟ ਕਰਵ ਕੇ ਪਹਿਲਾ ਝਟਕਾ ਦਿੱਤਾ। ਦੂਜੇ ਸਿਰੇ ਤੋਂ ਬਮਰਾਹ ਨੇ ਸ਼ਾਈ ਹੋਪ ਦਾ ਵਿਕਟ ਕੱਢ ਕੇ ਟੀਮ ਦਾ ਸਕੋਰ 2/2 ਕਰ ਦਿੱਤਾ। ਮਾਰਲੋਨ ਸੈਮੁਅਲਜ਼ ਨੇ 24 ਦੌੜਾਂ ਦੀ ਪਾਰੀ ਨਾਲ ਕੁਝ ਦਮ ਵਿਖਾਇਆ, ਪਰ ਉਹ 12ਵੇਂ ਓਵਰ ’ਚ ਜਡੇਜਾ ਦੀ ਗੇਂਦ ’ਤੇ ਕਪਤਾਨ ਕੋਹਲੀ ਨੂੰ ਕੈਚ ਦੇ ਬੈਠਾ। ਕਪਤਾਨ ਹੋਲਡਰ ਨੇ ਸੰਜਮ ਨਾਲ ਕੰਮ ਲੈਂਦਿਆਂ ਭਾਰਤੀ ਗੇਂਦਬਾਜ਼ਾਂ ਦਾ ਸਾਹ-ਮਣਾ ਕੀਤਾ, ਪਰ ਉਹ ਵੀ ਜ਼ਿਆਦਾ ਦੇਰ ਕਰੀਜ਼ ’ਤੇ ਨਹੀਂ ਟਿਕ ਸਕਿਆ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਨਾਹਲ ਪਰਿਵਾਰ ਨੂੰ ਸਦਮਾ, ਮਾਤਾ ਜੀ ਗੁਰਬਚਨ ਕੌਰ ਨਹੀਂ ਰਹੇ



ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸਖ਼ਸੀਅਤ ਸ: ਸਵਰਨ ਸਿੰਘ ਨਾਹਲ ਦੇ ਮਾਤਾ ਜੀ ਸ੍ਰੀਮਤੀ ਗੁਰਬਚਨ ਕੌਰ ਬੀਤੇ ਦਿਨੀਂ ਆਪਣੀ 94 ਸਾਲਾਂ ਦੀ ਉਮਰ ਭੋਗਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦੇ ਅੰਤਿਮ ਸੰਸਕਾਰ ਬਰੈਂਪਟਨ ਕ੍ਰੀਮੇਸ਼ਨ ਤੇ ਵਿਜ਼ੀਟੇਸ਼ਨ ਸੈਟਰ, ਜੋ ਕਿ 30 ਬਰੈਮਵਿਨ ਕੋਰਟ ਬਰੈਂਪਟਨ ਵਿਖੇ ਸਥਿਤ ਹੈ, ਸਨਿਚਰਵਾਰ ਨਵੰਬਰ 3 ਨੂੰ ਸਵੇਰੇ 11 ਵਜੇ ਤੋ ਦੁਪਹਿਰ 1 ਵਜੇ ਤੱਕ ਰੱਖੇ ਗਏ ਹਨ। ਇਨ੍ਹਾਂ ਨਮਿਤ ਰੱਖੇ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਡਿਕਸੀ ਗੁਰੂਘਰ ਵਿਖੇ ਦੁਪਹਿਰ 2 ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੋਣ ਲਈ ਜਾਂ ਹੋਰ ਜਾਣਕਾਰੀ ਲਈ ਸ: ਸਵਰਨ ਸਿੰਘ ਨਾਹਲ ਨਾਲ 416-885-1661 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਾਦਸੇ ਪਿੱਛੋਂ ਰੁੱਖ ਉਤੇ ਜਾ ਲਟਕੀ ਕਾਰ, ਔਰਤ 6 ਦਿਨਾਂ ਬਾਅਦ ਜ਼ਿੰਦਾ ਮਿਲੀ

ਵਾਸ਼ਿੰਗਟਨ, 1 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਬੀਤੇ ਦਿਨੀਂ ਇਕ ਕਾਰ ਹਾਦਸਾ ਗ੍ਰਸਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਇਕ ਦਰੱਖਤ ਉਤੇ ਲਟਕ ਗਈ ਅਤੇ ਇਸ ਨੂੰ ਚਲਾਉਣ ਵਾਲੀ ਔਰਤ ਦੀ ਜਾਨ ਮੁਸ਼ਕਲ ’ਚ ਫਸ ਗਈ। ਇਸ ਦੁਰਘਟਨਾ ਨੂੰ ਵਾਪਰਦਿਆਂ ਕਿਸੇ ਨੇ ਨਹੀਂ ਦੇਖਿਆ ਸੀ ਤੇ 6 ਦਿਨਾਂ ਤਕ ਕਾਰ ਲਟਕਦੀ ਰਹੀ ਅਤੇ ਔਰਤ ਜ਼ਿੰਦਗੀ ਲਈ ਸੰਘਰਸ਼ ਕਰਦੀ ਰਹੀ।

12 ਅਕਤੂਬਰ ਨੂੰ ਨੈਸ਼ਨਲ ਹਾਈਵੇਅ-60 ਕੋਲ ਵਿਕਨਬਰਗ ’ਚ 53 ਸਾਲਾ ਔਰਤ ਦੀ ਕਾਰ ਦੁਰਘਟਨਾ ਗ੍ਰਸਤ ਹੋਈ ਤੇ ਰੇਲਿੰਗ ਤੋਂ ਉੱਛਲਦੀ ਹੋਈ ਦੂਰ ਇਕ ਦਰੱਖਤ ਉਤੇ ਲਟਕ ਗਈ। 6 ਦਿਨਾਂ ਬਾਅਦ ਜਦ ਪੁਲਸ ਓਥੇ ਪੁੱਜੀ ਤਾਂ ਕਾਰ ਖਾਲੀ ਸੀ। ਪੁਲਸ ਨੇ ਰਸਤਾ ਲੱਭਿਆ ਅਤੇ ਜ਼ਖਮੀ ਔਰਤ ਤਕ ਪੁੱਜੀ। ਔਰਤ ਨੇ ਦੱਸਿਆ ਕਿ ਕੁਝ ਦਿਨਾਂ ਤਕ ਉਹ ਆਪਣੀ ਕਾਰ ਵਿੱਚ ਰਹੀ ਤੇ ਫਿਰ ਕਿਸੇ ਤਰ੍ਹਾਂ ਹੌਲੀ-ਹੌਲੀ ਬਾਹਰ ਨਿਕਲੀ। ਔਰਤ ਇੰਨੀ ਕਮਜ਼ੋਰ ਸੀ ਕਿ ਉਹ ਤੁਰ ਵੀ ਨਹੀਂ ਸਕੀ ਅਤੇ ਹੈਲੀਕਾਪਟਰ ਰਾਹੀਂ ਉਸ ਨੂੰ ਹਸਪਤਾਲ ’ਚ ਭਰਤੀ ਕਰਵਾਇਆ ਗਿਆ। ਹੈਰਾਨੀ ਦੀ ਗੱਲ ਇਹ ਸੀ ਕਿ ਇੰਨੇ ਦਿਨ ਭੁੱਖੀ-ਪਿਆਸੀ ਅਤੇ ਜ਼ਖਮੀ ਔਰਤ ਜਿਊਂਦੀ ਰਹੀ, ਪਰ ਕਿਸੇ ਨੂੰ ਵੀ ਯਕੀਨ ਨਹੀਂ ਸੀ ਕਿ ਉਹ ਬਚ ਗਈ ਹੋਵੇਗੀ। ਫਿਲਹਾਲ ਹਸਪਤਾਲ ’ਚ ਉਸ ਦਾ ਇਲਾਜ ਚੱਲ ਰਿਹਾ ਹੈ।

ਉਸ ਔਰਤ ਨੇ ਦੱਸਿਆ ਕਿ ਉਸ ਨੇ ਕਈ ਵਾਰ ਕਾਰ ਵਿੱਚੋਂ ਉੱਤਰ ਕੇ ਸੜਕ ’ਤੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਇੰਨੀਆਂ ਕੁ ਸੱਟਾਂ ਸਨ ਕਿ ਉਹ ਬਾਹਰ ਨਹੀਂ ਨਿਕਲ ਸਕੀ। ਫਿਰ ਬਹੁਤ ਮੁਸ਼ਕਲ ਨਾਲ ਕਾਰ ’ਚੋਂ ਬਾਹਰ ਨਿਕਲ ਸਕੀ। ਪੁਲਸ ਨੇ ਦੱਸਿਆ ਕਿ ਕਿਸੇ ਨੇ ਵੀ ਇਹ ਘਟਨਾ ਵਾਪਰਦਿਆਂ ਨਹੀਂ ਦੇਖੀ ਸੀ, ਇਸੇ ਲਈ ਔਰਤ ਨੂੰ ਲੱਭਣ ’ਚ ਪ੍ਰਸ਼ਾਸਨ ਨੂੰ 6 ਦਿਨ ਲੱਗ ਗਏ। ਉਨ੍ਹਾਂ ਕਿਹਾ ਕਿ 18 ਅਕਤੂਬਰ ਨੂੰ ਐਰੀਜ਼ੋਨਾ ਹਾਈਵੇਅ ਪ੍ਰਬੰਧਕ ਦਲ ਨੇ ਟੁੱਟੀ ਹੋਈ ਰੇਲਿੰਗ ਦੇਖੀ ਤਾਂ ਉਨ੍ਹਾਂ ਦੀ ਨਜ਼ਰ ਦਰੱਖਤ ’ਤੇ ਲਟਕ ਰਹੀ ਕਾਰ ’ਤੇ ਪਈ ਅਤੇ ਇਸ ਮਗਰੋਂ ਸਾਰੀ ਕਾਰਵਾਈ ਹੋਈ।

# ਰੋਸ ਪ੍ਰਦਰਸ਼ਨ ਬਾਰੇ ਅਕਾਲੀ ਆਗੂਆਂ ਦੀ ਖਿੱਚੋਤਾਣ ਜ਼ਾਹਰ

ਨਵੀਂ ਦਿੱਲੀ, 1 ਨਵੰਬਰ (ਪੋਸਟ ਬਿਊਰੋ)- ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਬਾਦਲ ਅਕਾਲੀ ਦਲ ਵੱਲੋਂ ਤਿੰਨ ਨਵੰਬਰ ਨੂੰ ਜੰਤਰ ਮੰਤਰ ਵਿਖੇ ਧਰਨਾ ਦੇਣ ਦੇ ਪ੍ਰੋਗਰਾਮ ਉਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰ ਚੱਲਦੀ ਆਪਸੀ ਖਿੱਚੋਤਾਣ ਦਾ ਪ੍ਰਭਾਵ ਪੈਣ ਦੇ ਆਸਾਰ ਬਣ ਰਹੇ ਹਨ। ਇਸ ਧਰਨੇ ਨੂੰ ਬੇਅਦਬੀਆਂ ਦੇ ਮੁੱਦਿਆਂ ਤੋਂ ਸੰਗਤ ਦਾ ਧਿਆਨ ਪਾਸੇ ਕਰਨ ਦੀ ਕੋਸ਼ਿਸ਼ ਵੀ ਮੰਨਿਆ ਜਾ ਰਿਹਾ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਅਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਵਿਚਾਲੇ ਖਿੱਚੋਤਾਣ ਬਾਰੇ ਕਮੇਟੀ ਦੇ ਮੈਂਬਰ ਨਿਸ਼ਾਨ ਹਨ ਤੇ ਉਹ ਕਮੇਟੀ ਉਪਰ ਲੱਗੇ ਭ੍ਰਿਸ਼ਟਾਚਾਰਾਂ ਦੇ ਦੋਸ਼ਾਂ ਤੋਂ ਖੁਦ ਨੂੰ ਬਚਾ ਰਹੇ ਹਨ। ਦੂਜਾ ਪੱਖ ਇਹ ਹੈ ਕਿ ਸਾਢੇ ਚਾਰ ਸਾਲ ਬੀਤਣ ਦੇ ਬਾਵਜੂਦ ਦਿੱਲੀ ਕਮੇਟੀ ਅਤੇ ਅਕਾਲੀ ਦਲ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ ਦੀ ਕੋਈ ਹਾਮੀ ਨਹੀਂ ਭਰੀ ਗਈ, ਜਦੋਂ ਕਿ ਦਲ ਦੇ ਸ੍ਰਪਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਭਾਜਪਾ ਨਾਲ ਸਾਂਝ ਦੇ ਲੰਮੇ ਰਾਜਸੀ ਇਤਿਹਾਸ ਦੀ ਚਰਚਾ ਕਰਦੇ ਰਹਿੰਦੇ ਹਨ। ਸੂਤਰਾਂ ਮੁਤਾਬਕ ਇਸ ਵਾਰ ਕਮੇਟੀ ਮੈਂਬਰਾਂ ਵੱਲੋਂ ਇਸ ਧਰਨੇ ਲਈ ਬਹੁਤੀ ਭੀੜ ਜੁਟਾਉਣੀ ਔਖਾ ਕੰਮ ਹੋ ਨਿੱਬੜਿਆ ਹੈ। ਦੱਸਿਆ ਗਿਆ ਹੈ ਕਿ ਨਵੰਬਰ 1984 ਦੇ ਸਿੱਖ ਪੀੜਤਾਂ ਲਈ ਵਸਾਈ ਗਈ ਤਿਲਕ ਵਿਹਾਰ ਦੀ ਕਲੋਨੀ ਵਿੱਚੋਂ ਵੀ ਪੀੜਤ ਸਿੱਖਾਂ ਨੂੰ ਇਕੱਠਾ ਕਰਨਾ ਮੁਸ਼ਕਿਲ ਹੋ ਗਿਆ ਹੈ। ਜਾਣਕਾਰ ਸੂਤਰਾਂ ਦੇ ਮੁਤਾਬਕ ਅਕਾਲੀ ਦਲ ਵੱਲੋਂ ਧਰਨਾ ਕੇਂਦਰ ਸਰਕਾਰ ਖਿਲਾਫ ਦਿੱਤਾ ਜਾਵੇਗਾ, ਜਿਸ ਵਿੱਚ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਨ। ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਇਸ ਧਰਨੇ ਵਿੱਚ ਸ਼ਾਮਲ ਹੋਣਗੇ। ਦਲ ਨੇ ਪੰਜਾਬ ਤੋਂ ਕਰੀਬ 3-4 ਹਜ਼ਾਰ ਦਾ ਇਕੱਠ ਕਰਨ ਅਤੇ ਦਿੱਲੀ 'ਚੋਂ 1000-1500 ਸਿੱਖਾਂ ਨੂੰ ਸੱਦਣ ਦੀ ਤਿਆਰੀ ਹੈ।



## ਵੀਡੀਓ ਵਾਇਰਲ ਕਰਨ ਵਾਲੀ ਮਹਿਲਾ ਨੇ ਝੂਠੀ ਨਿਕਲਣ ਪਿੱਛੋਂ ਮੁਆਫੀ ਮੰਗੀ

ਜਲੰਧਰ, 1 ਨਵੰਬਰ (ਪੋਸਟ ਬਿਊਰੋ)- ਸ੍ਰੀ ਛਠ ਪੂਜਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਪ੍ਰਮੋਦ ਯਾਦਵ ਨੇ ਇੱਕ ਮਹਿਲਾ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਕੀਤੇ ਕਲਿਪ ਨੂੰ ਉਨ੍ਹਾਂ ਦੇ ਖਿਲਾਫ ਸਾਜ਼ਿਸ ਦੱਸਿਆ ਹੈ। ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਦੇ ਹੋਏ ਦਾਅਵਾ ਕੀਤਾ ਕਿ ਪੁਲਸ ਜਾਂਚ ਵਿੱਚ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਮਹਿਲਾ ਨੇ ਸਾਜ਼ਿਸ਼ ਦੇ ਤਹਿਤ ਹੀ ਉਨ੍ਹਾਂ 'ਤੇ ਫਰਜ਼ੀ ਦੋਸ਼ ਲਗਾਏ ਹਨ। ਉਥੇ ਹੀ ਮਹਿਲਾ ਨਾਲ ਪਹਿਲਾਂ ਸੰਬੰਧ ਹੋਣ ਦੀ ਗੱਲ ਪ੍ਰਮੋਦ ਯਾਦਵ ਨੇ ਸਵੀਕਾਰ ਕਰਦੇ ਹੋਏ ਕਿਹਾ ਕਿ ਉਹ ਮਹਿਲਾ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿ ਚੁੱਕੇ ਹਨ। ਇਸ ਪਿੱਛੋਂ ਸੰਬੰਧ ਟੁੱਟਣ 'ਤੇ ਮਹਿਲਾ ਉਸ ਦੇ ਖਿਲਾਫ ਹਿਮਾਚਲ ਵਿੱਚ ਕੋਰਟ ਚਲੀ ਗਈ, ਕੋਰਟ ਨੇ ਦੋ ਹਜ਼ਾਰ ਰੁਪਏ ਮਾਸਿਕ ਖਰਚ ਵੀ ਤੈਅ ਕਰ ਰੱਖਿਆ ਹੈ ਅਤੇ ਤੈਅ ਰਾਸ਼ੀ ਤੋਂ ਕਿਤੇ ਜ਼ਿਆਦਾ ਪੈਸੇ ਉਹ ਉਸ ਨੂੰ ਦੇ ਚੁੱਕੇ ਹਨ। ਵਰਨਣ ਹੈ ਕਿ ਮੂਲ ਰੂਪ ਤੋਂ ਹਿਮਾਚਲ ਦੀ ਰਹਿਣ ਵਾਲੀ ਹਿਮਾਚਲੀ ਦੇਵੀ ਨੇ ਵੀਡੀਓ ਕਲਿਪ ਬਣਾ ਕੇ ਸੋਸ਼ਲ ਮੀਡੀਆ ਉੱਤੇ ਪਾਈ ਸੀ, ਜਿਸ ਵਿੱਚ ਖੁਦ ਨੂੰ ਪ੍ਰਮੋਦ ਯਾਦਵ ਦੀ ਪਤਨੀ ਦੱਸ ਕੇ ਉਸ 'ਤੇ ਧੋਖਾ ਦੇਣ ਦਾ ਦੋਸ਼ ਲਾਇਆ ਸੀ।

# ਦੋ ਜਣਿਆਂ ਨੇ ਲਾਪਤਾ ਔਰਤ ਲੱਭ ਲਈ ਕਿਹਾ, 18 ਦਿਨ ਬਾਅਦ ਲਾਸ਼ ਮਿਲੀ

ਗੁਰਦਾਸਪੁਰ, 1 ਨਵੰਬਰ (ਪੋਸਟ ਬਿਊਰੋ)- ਕਰੀਬ 18 ਦਿਨ ਪਹਿਲਾਂ ਘਰੋਂ ਲੱਕੜੀਆਂ ਲੈਣ ਗਈ ਔਰਤ ਦੀ ਲਾਸ਼ ਕੱਲ੍ਹ ਸ਼ਾਮ ਨੇੜੇ ਦੇ ਪਿੰਡ ਵਿੱਚ ਗੰਨੇ ਦੇ ਖੇਤਾਂ ਤੋਂ ਬਰਾਮਦ ਹੋਈ। ਖੇਤ ਮਾਲਕ ਨੇ ਦੇਖਿਆ ਕਿ ਫਸਲ ਨੂੰ ਪਾਣੀ ਨਹੀਂ ਲੱਗ ਰਿਹਾ, ਇਸ 'ਤੇ ਜਦ ਉਸ ਨੇ ਖੇਤ ਵਿੱਚ ਰੱਖੇ ਗੰਨਿਆਂ ਨੂੰ ਚੁੱਕਿਆ ਤਾਂ ਹੇਠਾਂ ਮਹਿਲਾ ਦੀ ਲਾਸ਼ ਸੀ। ਇਸ ਦੀ ਸੂਚਨਾ ਉਸ ਨੇ ਪੁਲਸ ਨੂੰ ਦਿੱਤੀ, ਜਿਸ ਦੇ ਬਾਅਦ ਮਹਿਲਾ ਦੀ ਪਛਾਣ ਹੋ ਸਕੀ। ਪੁਲਸ ਨੇ ਦੋ ਜਣਿਆਂ 'ਤੇ



ਹੱਤਿਆ ਦਾ ਮਾਮਲਾ ਦਰਜ ਕਰ ਕੇ ਦੋਸ਼ੀਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕਾਂ ਦੇ ਘਰਦਿਆਂ ਨੇ ਦੱਸਿਆ ਕਿ ਗੁੰਮਸ਼ੁਦਗੀ ਦੇ ਦੋ ਦਿਨ ਬਾਅਦ ਮੰਗਾ ਮਸੀਹ ਵਾਸੀ ਪੀਰਾਂਬਾਗ ਤੇ ਅੰਗਦ ਸਿੰਘ ਪਿੰਡ ਗੁਰਦਾਸਨੰਗਲ ਆਏ ਅਤੇ ਕਹਿਣ ਲੱਗੇ ਕਿ ਤੁਸੀਂ ਲੋਕ ਤੀਹ ਹਜ਼ਾਰ ਦਾ ਬੰਦੋਬਸਤ ਕਰੋ, ਅਸੀਂ ਭੋਲੀ ਨੂੰ ਲੱਭ ਕੇ ਉਸ ਨੂੰ ਕਿਤੇ ਬਿਠਾਇਆ ਹੋਇਆ ਹੈ। ਇਸ ਦੇ ਬਾਅਦ ਜਦ ਅਸੀਂ ਲੋਕ ਉਨ੍ਹਾਂ ਦੇ ਨਾਲ ਭੋਲੀ ਨੂੰ ਲੈਣ ਜਾਣ ਲੱਗੇ ਤਾਂ ਉਹ ਮੁਕਰ ਗਏ। ਫਿਰ ਦੋ ਦਿਨ ਬਾਅਦ ਫੋਨ ਕਰ ਕੇ 15 ਹਜ਼ਾਰ ਮੰਗੇ, ਪਰ ਪਰਵਾਰ ਨੇ ਇਨਕਾਰ ਕਰ ਦਿੱਤਾ। 18 ਦਿਨ ਬਾਅਦ ਪੁਲਸ ਦਾ ਫੋਨ ਆਇਆ ਕਿ ਲਾਸ਼ ਸਲੇਪੁਰ ਅਰਾਈਆਂ ਦੇ ਖੇਤਾਂ ਵਿੱਚ ਪਈ ਹੋਈ ਹੈ।

## ਡਾ: ਅਮਰਜੀਤ ਅਤੇ ਡਾ: ਮੁਲਤਾਨੀ ਦੀਆਂ ਸਕੈਨਿੰਗ ਮਸ਼ੀਨਾਂ ਦੀ ਰਜਿਸਟੇਰਸ਼ਨ ਸਸਪੈਂਡ

ਜਲੰਧਰ, 1 ਨਵੰਬਰ (ਪੋਸਟ ਬਿਊਰੋ)- ਸਿਹਤ ਵਿਭਾਗ ਨੇ ਇਸ ਜ਼ਿਲ੍ਹੇ ਦੇ ਤਿੰਨ ਸਕੈਨਿੰਗ ਸੈਂਟਰਸ 'ਤੇ ਵੱਡਾ ਐਕਸ਼ਨ ਲਿਆ ਹੈ। ਜ਼ਿਲ੍ਹਾ ਪੀ ਐੱਨ ਡੀ ਟੀ ਐਡਵਾਇਜ਼ਰੀ ਕਮੇਟੀ ਨੇ ਤਿੰਨ ਸਕੈਨਿੰਗ ਸੈਂਟਰਾਂ ਦੀ ਰਜਿਸਟਰੇਸ਼ਨ ਸਸਪੈਂਡ ਕਰ ਦਿੱਤੀ ਅਤੇ ਸਿਵਲ ਸਰਜਨ ਡਾਕਟਰ ਰਾਜੇਸ਼ ਕੁਮਾਰ ਬੱਗਾ ਨੇ ਸ਼ਹਿਰ ਦੇ ਸਕੈਨਿੰਗ ਸੈਂਟਰਾਂ ਦੀ ਸੀ ਸੀ ਟੀ ਵੀ ਲਵਾਉਣ ਲਈ 15 ਦਿਨ ਦਾ ਸਮਾਂ ਦਿੱਤਾ ਹੈ। 15 ਦਿਨ ਬਾਅਦ ਜੇ ਕਿਸੇ ਸਕੈਨਿੰਗ ਸੈਂਟਰ ਵਿੱਚ ਸੀ ਸੀ ਟੀ ਵੀ ਕੈਮਰਾ ਨਾ ਲੱਗਾ ਹੋਇਆ ਤਾਂ ਉਸ ਦੇ ਖਿਲਾਫ ਐਕਸ਼ਨ ਹੋਵੇਗਾ। ਇਹ ਖੁਲਾਸਾ ਡਾਕਟਰ ਬੱਗਾ ਨੇ ਕੱਲ੍ਹ ਸਿਵਲ ਸਰਜਨ ਦਫਤਰ ਵਿੱਚ ਹੋਈ ਜ਼ਿਲ੍ਹਾ ਪੀ ਐੱਨ ਡੀ ਟੀ ਕਮੇਟੀ ਦੀ ਮੀਟਿੰਗ ਵਿੱਚ ਕੀਤਾ।

ਡਾਕਟਰ ਬੱਗਾ ਨੇ ਦੱਸਿਆ ਕਿ ਅਸੀਂ ਸਾਰੇ ਸਕੈਨਿੰਗ ਸੈਂਟਰਾਂ ਨੂੰ ਪਹਿਲਾਂ ਹੀ ਹੁਕਮ ਦੇ ਦਿੱਤੇ ਸਨ ਕਿ ਸਕੈਨਿੰਗ ਸੈਂਟਰ ਦੇ ਮੁੱਖ ਦੁਆਰ ਉੱਤੇ ਸੀ ਸੀ ਟੀ ਵੀ ਕੈਮਰਾ ਜ਼ਰੂਰ ਲਾਉਣ। ਜ਼ਿਲ੍ਹੇ ਦੇ ਤਿੰਨ ਸਕੈਨਿੰਗ ਸੈਂਟਰਾਂ 'ਤੇ ਪਿਛਲੇ ਮਹੀਨੇ ਛਾਪੇਮਾਰੀ ਦੇ ਦੌਰਾਨ ਖਾਮੀਆਂ ਮਿਲਣ 'ਤੇ ਉਨ੍ਹਾਂ ਦੀ ਅਲਟਰਾਸਾਊਂਡ ਮਸ਼ੀਨਾਂ ਨੂੰ ਸੀਲ ਕੀਤਾ ਗਿਆ ਸੀ। ਕੱਲ੍ਹ ਕਮੇਟੀ ਨੇ ਤੈਅ ਕੀਤਾ ਕਿ ਉਨ੍ਹਾਂ ਤਿੰਨਾਂ ਮਸ਼ੀਨਾਂ ਦੀ ਰਜਿਸਟਰੇਸ਼ਨ ਕੈਂਸਲ ਕਰ ਦੇਣੀ ਚਾਹੀਦੀ ਹੈ।

# ਓਨਟਾਰੀਓ ਸਰਕਾਰ ਵੱਲੋਂ ਕੈਪ ਐਂਡ ਟਰੇਡ ਕੈਂਸਲੇਸ਼ਨ ਐਕਟ ਪਾਸ

ਓਨਟਾਰੀਓ, 1 ਨਵੰਬਰ (ਪੋਸਟ ਬਿਊਰੋ)- ਓਨਟਾਰੀਓ ਸਰਕਾਰ ਵੱਲੋਂ ਬਿੱਲ 4, ਦ ਕੈਪ ਐਂਡ ਟਰੇਡ ਕੈਂਸਲੇਸ਼ਨ ਐਕਟ ਪਾਸ ਕਰ ਦਿੱਤਾ ਗਿਆ ਹੈ। ਅਜਿਹਾ ਕਰਨ ਤੋਂ ਬਾਅਦ ਫੋਰਡ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਪਰਿਵਾਰਾਂ ਲਈ ਜ਼ਿੰਦਗੀ ਨੂੰ ਵਧੇਰੇ ਕਿਫਾਇਤੀ ਬਣਾਉਣ ਦਾ ਆਪਣਾ ਇੱਕ ਹੋਰ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ। ਕੈਪ ਐਂਡ ਟਰੇਡ ਕਾਰਬਨ ਟੈਕਸ ਦੇ ਖਤਮ ਹੋਣ ਨਾਲ ਗੈਸ ਦੀਆਂ ਕੀਮਤਾਂ ਵਿੱਚ ਕਮੀ ਆਵੇਗੀ ਤੇ ਔਸਤਨ ਪਰਿਵਾਰਾਂ ਨੂੰ ਸਾਲ ਦੇ 260 ਡਾਲਰ ਦੀ ਬਚਤ ਹੋਵੇਗੀ। ਇਸ ਦੇ ਨਾਲ ਹੀ



ਓਨਟਾਰੀਓ ਦੇ ਕਾਰੋਬਾਰੀਆਂ ਦੇ ਸਿਰ ਤੋਂ ਵੱਡਾ ਬੋਝ ਉਤਰ ਜਾਵੇਗਾ ਤੇ ਉਨ੍ਹਾਂ ਨੂੰ ਵੀ ਵਿਕਾਸ ਕਰਨ ਦਾ ਮੌਕਾ ਮਿਲੇਗਾ, ਰੋਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ ਤੇ ਅਸੀਂ ਵੀ ਮੁਕਾਬਲੇਬਾਜ਼ੀ ਵਿੱਚ ਨਿੱਤਰ ਸਕਾਂਗੇ। ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਅੱਜ ਓਨਟਾਰੀਓ ਲਈ ਮੀਲ ਦਾ ਪੱਥਰ ਕਾਇਮ ਹੋਇਆ ਹੈ। ਉਨ੍ਹਾਂ ਆਖਿਆ ਕਿ ਅਜੇ ਪਿਛਲੇ ਹਫਤੇ ਹੀ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਓਨਟਾਰੀਓ ਦੇ ਲੋਕਾਂ ਉੱਤੇ ਨਵਾਂ ਕਾਰਬਨ ਟੈਕਸ ਲਾਉਣ ਦਾ ਐਲਾਨ ਕੀਤਾ ਸੀ।

ਫੋਰਡ ਨੇ ਆਖਿਆ ਕਿ ਕਾਰਬਨ ਟੈਕਸ ਦਾ ਵਿਰੋਧ ਕਰਨ ਵਾਲੇ ਪ੍ਰੋਵਿੰਸਾਂ ਦੀ ਗਿਣਤੀ ਵੱਧਦੀ ਹੀ ਜਾ ਰਹੀ ਹੈ ਤੇ ਹੌਲੀ ਹੌਲੀ ਅਸੀਂ ਇਸ ਕਾਰਬਨ ਟੈਕਸ ਨੂੰ ਮਨਸੂਖ ਕਰਕੇ ਹੀ ਰਹਾਂਗੇ। ਇਸ ਦਾ ਗ੍ਰੀਨ ਹਾਊਸ ਗੈਸਾਂ ਨੂੰ ਘਟਾਉਣ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸਗੋਂ ਇਸ ਨਾਲ ਘਰਾਂ ਦੀ ਹੀਟਿੰਗ ਤੇ ਗੈਸੋਲੀਨ ਦੀਆਂ ਕੀਮਤਾਂ ਵਿੱਚ ਹੋਰ ਇਜਾਫਾ ਹੀ ਹੋਵੇਗਾ। ਉਨ੍ਹਾਂ ਆਖਿਆ ਕਿ ਇਸ ਗੈਰਸੰਵਿਧਾਨਕ, ਤੰਗ ਕਰਨ ਵਾਲੇ ਕਾਰਬਨ ਟੈਕਸ ਨੂੰ ਖਤਮ ਕਰਵਾਉਣ ਲਈ ਅਸੀਂ ਹਰ ਹੀਲਾ ਵਰਤਾਂਗੇ। ਐਨਵਾਇਰਮੈਂਟ, ਕੰਜ਼ਰਵੇਸ਼ਨ ਤੇ ਪਾਰਕਜ਼ ਮੰਤਰੀ ਰੌਡ ਫਿਲਿਪਜ਼ ਨੇ ਆਖਿਆ ਕਿ ਸਾਡਾ ਓਨਟਾਰੀਓ ਦੇ ਲੋਕਾਂ ਨਾਲ ਵਾਅਦਾ ਸੀ ਕਿ ਅਸੀਂ ਉਨ੍ਹਾਂ ਲਈ ਹੋਰ ਬਚਤ ਕਰਕੇ ਰਹਾਂਗੇ, ਉਨ੍ਹਾਂ ਦੀਆਂ ਜ਼ਿੰਦਗੀਆਂ ਵਧੇਰੇ ਕਿਫਾਇਤੀ ਕਰਾਂਗੇ ਤੇ ਉਨ੍ਹਾਂ ਲਈ ਰੋਜਗਾਰ ਦੇ ਨਵੇਂ ਮੌਕੇ ਪੈਦਾ ਕਰਾਂਗੇ ਤੇ ਮੌਜੂਦਾ ਰੋਜਗਾਰ ਦੀ ਹਿਫਾਜਤ ਕਰਾਂਗੇ। ਅਸੀਂ ਇਹ ਕਰ ਵਿਖਾਇਆ ਹੈ।

PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648




KARTAR FURNITURE


ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# 'ਚੌਂਤੀ ਵਰ੍ਹੇ ਬੀਤ ਗਏ ਨੇ, ਹੋਰ ਕਦੋਂ ਤਕ...'



ਜਸਵੰਤ ਸਿੰਘ 'ਅਜੀਤ'

ਨਵੰਬਰ-84 ਦੇ ਘਲੂਘਾਰੇ ਨੂੰ ਵਾਪਰਿਆਂ 34 ਵਰ੍ਹੇ ਹੋ ਗਏ ਨੇ, ਪ੍ਰੰਤੂ ਅਜੇ ਤਕ ਇਸ ਦਾ ਨਾਂ ਪੁਰ ਹੋ ਰਹੀ ਰਾਜਨੀਤੀ ਰੁਕਣ ਦਾ ਨਾਂ ਨਹੀਂ ਲੈ ਰਹੀ। ਜਦੋਂ ਵੀ ਨਵੰਬਰ ਦਾ ਮਹੀਨਾ ਆਉਂਦਾ ਹੈ, ਜਾਂ ਪੰਜਾਬ, ਦਿੱਲੀ ਅਤੇ ਹਰਿਆਣਾ, ਅਰਥਾਤ ਜਿਨ੍ਹਾਂ ਰਾਜਾਂ ਵਿੱਚ ਸਿੱਖਾਂ ਦੀ ਵਸੋਂ, ਹਾਰ-ਜਿਤ ਦਾ ਫੈਸਲਾ ਕਰਨ ਦੇ ਸਮਰਥ ਹੈ, ਦੀਆਂ ਵਿਧਾਨ ਸਭਾਵਾਂ, ਨਗਰ ਨਿਗਮਾਂ ਆਦਿ ਕਿਸੇ ਵੀ ਸਥਾਨਕ ਰਾਜਸੀ ਸੰਸਥਾ ਦੀਆਂ ਜਾਂ ਲੋਕਸਭਾ ਦੀਆਂ ਚੋਣਾਂ ਹੋਣ ਤਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਉਸਦੀ ਸਹਿਯੋਗੀ ਭਾਜਪਾ ਨੂੰ ਨਵੰਬਰ-84 ਦੇ ਸਿੱਖ ਕਤਲ-ਏ-ਆਮ ਦੀ ਯਾਦ ਆ ਜਾਂਦੀ ਹੈ ਤੇ ਉਹ ਇਸ ਮੁੱਦੇ ਨੂੰ ਤੁਰੱਪ ਦੇ ਪਤੇ ਵਾਂਗ ਵਰਤਣਾ ਸ਼ੁਰੂ ਕਰ ਦਿੰਦੇ ਹਨ। ਇਹੀ ਕੁਝ ਹੁਣ, ਅਰਥਾਤ 34 ਵਰ੍ਹਿਆਂ ਬਾਅਦ ਵੀ ਹੋ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਬਦਲ) ਵਲੋਂ, ਸ਼ਾਇਦ ਪਹਿਲੀ ਵਾਰ ਨਵੰਬਰ-84 ਦੇ ਕਤਲ-ਏ-ਆਮ ਵਿੱਚ ਮਾਰੇ ਗਏ ਸਿੱਖਾਂ ਦੀ ਯਾਦ ਵਿੱਚ ਇਤਿਹਾਸਕ ਤਖਤਾਂ ਪੁਰ ਪਹਿਲੀ ਨਵੰਬਰ ਨੂੰ ਅਰਦਾਸ ਦਿਵਸ ਮਨਾਇਆ ਗਿਆ ਅਤੇ ਪੀੜਤਾਂ ਨੂੰ ਇਨਸਾਫ ਨਾ ਮਿਲਣ ਦੇ 'ਵਿਰੁਧ' ਦਿੱਲੀ ਦੇ ਜੰਤਰ ਮੰਤਰ ਚੌਕ ਪੁਰ ਤਿੰਨ ਨਵੰਬਰ ਨੂੰ ਤਿੰਨ ਘੰਟਿਆਂ ਲਈ ਧਰਨਾ ਦਿੱਤਾ ਗਿਆ। ਸਿੱਖ ਫੋਰਮ ਵਲੋਂ ਤਾਂ 34 ਵਰ੍ਹਿਆਂ ਤੋਂ 'ਸਿੱਖ ਕਤਲ-ਏ-ਆਮ : ਅਜੇ ਤਕ ਇਨਸਾਫ ਦਾ ਇੰਤਜ਼ਾਰ' ਦੇ ਨਾਂ ਹੇਠ ਸਾਲਾਨਾ ਸਮਾਗਮ ਕੀਤਾ ਜਾਂਦਾ ਚਲਿਆ ਆ ਰਿਜਾ ਹੈ। ਜਿਸ ਵਿੱਚ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਕੋਸਿਆ ਅਤੇ ਅਜੇ ਤਕ ਇਨਸਾਫ ਨਾ ਮਿਲ ਪਾਣ 'ਤੇ ਅਥਰੂ ਵਹਾਏ ਜਾਂਦੇ ਹਨ। ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰਐਸ ਸੋਢੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹੈਰਾਨੀ ਤਾਂ ਇਸ ਗਲ ਦੀ ਹੈ ਕਿ ਬੀਤੇ 34 ਵਰ੍ਹਿਆਂ ਤੋਂ ਹੀ ਪੀੜਤਾਂ ਨੂੰ ਇਨਸਾਫ ਨਾ ਮਿਲ ਪਾਣ ਦਾ ਰੋਣਾ ਤਾਂ ਰੋਇਆ ਜਾਂਦਾ ਚਲਿਆ ਆ ਰਿਹਾ ਹੈ, ਪਰ ਕਦੀ ਵੀ ਅਜਿਹਾ ਕੋਈ ਤੱਥ ਖੋਜ ਕਮਿਸ਼ਨ ਜਾਂ ਕਮੇਟੀ ਬਣਾਏ ਜਾਣ ਦੀ ਮੰਗ ਨਹੀਂ ਕੀਤੀ ਗਈ, ਜੋ ਇਸ ਗਲ ਦੀ ਖੋਜ (ਜਾਂਚ) ਕਰੇ ਕਿ ਆਖਿਰ ਕੀ ਕਾਰਣ ਹਨ ਕਿ ਅਜੇ ਤਕ ਇਸ ਘਲੂਘਾਰੇ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲ ਸਕੀ? ਕੀ ਇਸਦੇ ਲਈ ਸਰਕਾਰਾਂ ਹੀ ਦੋਸ਼ੀ ਹਨ ਜਾਂ ਸਾਡੇ ਆਪਣੇ ਵੀ ਇਸ ਗੁਨਾਹ ਵਿੱਚ ਭਾਈਵਾਲ ਹਨ, ਜਿਨ੍ਹਾਂ ਮੁੱਖ ਦੋਸ਼ੀਆਂ ਨਾਲ ਗੁਆਹਵਾਂ ਦੇ ਸੌਦੇ ਕਰਵਾ, ਮੋਟੀਆਂ ਦਲਾਲੀਆਂ ਵਸੂਲ ਕੀਤੀਆਂ? ਉਨ੍ਹਾਂ ਦਾ ਦਾਅਵਾ ਹੈ ਕਿ ਜੇ ਕੋਈ ਅਜਿਹਾ ਕਮਿਸ਼ਨ ਜਾਂ ਜਾਂਚ ਕਮੇਟੀ ਬਣੇ ਤਾਂ ਉਸਦੇ ਨਤੀਜੇ ਬਹੁਤ ਹੀ ਹੈਰਾਨੀ ਭਰੇ ਹੋਣਗੇ, ਕਿਉਂਕਿ ਪੀੜਤਾਂ ਦੇ ਕਈ ਅਜਿਹੇ ਅਖੌਤੀ ਹਮਦਰਦ ਨੰਗੇ ਹੋ, ਸਾਹਮਣੇ ਆ ਜਾਣਗੇ, ਜੋ 34 ਵਰ੍ਹੇ ਬੀਤਣ ਤੇ ਵੀ ਪੀੜਤਾਂ ਨੂੰ ਇਨਸਾਫ ਨਾ ਮਿਲ ਪਾਣ ਦੇ ਲਈ ਸਮੇਂ ਦੀਆਂ ਸਰਕਾਰਾਂ ਨਾਲ ਹੀ ਆਪ ਵੀ ਜ਼ਿਮੇਂਦਾਰ ਹਨ।

ਇਸ ਲੇਖਕ ਨੂੰ ਯਾਦ ਹੈ ਕਿ ਕੁਝ ਹੀ ਵਰ੍ਹੇ ਪਹਿਲਾਂ ਜਦੋਂ ਪੰਜਾਬੀ ਦੇ ਇੱਕ ਰੋਜ਼ਾਨਾ ਅਖਬਾਰ ਦੇ ਪ੍ਰਤੀਨਿਧੀ ਵਜੋਂ ਨਵੰਬਰ-84 ਦੇ ਪੀੜਤਾਂ ਸੰਬੰਧੀ ਫੀਚਰ ਤਿਆਰ ਕਰਨ ਲਈ ਦਿੱਲੀ ਸਥਿਤ ਸੰਸਾਰ ਦੀ ਇਕੋ-ਇੱਕ ਵਿਧਵਾ ਕਾਲੋਨੀ ਤਿਲਕ ਵਿਹਾਰ ਵਿਖੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਨ ਗਿਆ ਤਾਂ ਉਸਨੂੰ ਜੋ ਪਹਿਲਾਂ ਬੰਦਾ ਮਿਲਿਆ ਉਸਨੇ ਸਿਰ ਤੇ ਦੁਹੱਥੜ ਮਾਰ ਇਹ ਆਖਦਿਆਂ ਉਸਦਾ ਸੁਅਗਤ ਕੀਤਾ ਕਿ 'ਰੱਬ ਦਾ ਵਾਸਤਾ ਜੇ, ਬਸ ਕਰੋ, ਬਹੁਤ ਹੋ ਚੁਕਿਐ, ਹੁਣ ਤਾਂ ਸਾਨੂੰ ਸ਼ਾਂਤੀ ਨਾਲ ਜੀ ਲੈਣ ਦਿਉ..' ਭੁਬਾਂ ਮਾਰ ਰੋਣ ਲਗ ਪਿਆ। ਇਹ ਸਠਵ੍ਹਿਆਂ ਦਾ ਦਹਾਕਾ ਪਾਰ ਕਰ ਚੁਕੀ ਉਮਰ ਵਿੱਚ ਵਿਚਰਦਾ ਉਹ ਵਿਅਕਤੀ ਸੀ, ਜਿਸਨੇ ਨਵੰਬਰ-84 ਦੇ ਅਰੰਭ ਵਿੱਚ ਵਾਪਰੇ ਘਲੂਘਾਰੇ ਦੌਰਾਨ ਗੁਆਂਢ ਦੇ ਘਰ ਵਿੱਚ ਦੁਬਕਿਆਂ, ਹੰਝੂਆਂ ਭਰੀਆਂ ਆਪਣੀਆਂ ਅੱਖਾਂ ਨਾਲ ਆਪਣੇ ਹੀ ਘਰ ਦੇ ਪੰਜ ਜੀਆਂ ਨੂੰ ਅੱਗ 'ਚ ਸੜਦਿਆਂ ਵੇਖਿਆ ਅਤੇ ਉਨ੍ਹਾਂ ਦੀਆਂ ਦਿਲ ਨੂੰ ਚੀਰ ਦੇਣ ਵਾਲੀਆਂ ਚੀਖਾਂ ਨੂੰ ਕੰਨਾਂ ਨਾਲ ਸੁਣਿਆ ਸੀ। ਉਸਨੂੰ ਇਹ ਮਲਾਲ ਸੀ ਕਿ ਗੁਆਢੀਆਂ ਵਲੋਂ ਡੱਕੀ ਰੱਖੇ ਜਾਣ ਕਾਰਣ ਉਹ ਨਾ ਤਾਂ ਉਨ੍ਹਾਂ ਦੀ ਕੋਈ ਮਦੱਦ ਕਰ ਸਕਿਆ ਤੇ ਨਾ ਹੀ ਉਨ੍ਹਾਂ ਨਾਲ ਵੀ ਆਪ ਸੜ ਮਰ ਸਕਿਆ ਸੀ।

ਇਸ ਵਾਰ ਦੀ ਪੀੜਤ-ਪਰਿਵਾਰਾਂ ਨਾਲ ਮੇਰੀ ਮੁਲਾਕਾਤ, ਬੀਤੇ ਵਰ੍ਹਿਆਂ ਤੋਂ ਹਰ ਵਰ੍ਹੇ ਕੀਤੀਆਂ ਜਾਂਦੀਆਂ ਚਲੀਆਂ ਆ ਰਹੀਆਂ ਮੁਲਾਕਾਤਾਂ ਤੋਂ ਬਿਲਕੁਲ ਹੀ ਵੱਖਰੀ ਤੇ ਦਿੱਲ ਨੂੰ ਟੁੰਬਣ ਵਾਲੀ ਹੋਵੇਗੀ, ਮੈਨੂੰ ਇਸ ਗਲ ਦੀ ਕਲਪਨਾ ਵੀ ਨਹੀਂ ਸੀ, ਜਦੋਂ ਮੈਂ ਹਰ ਸਾਲ ਵਾਂਗ ਜਦੋਂ ਇਸ ਵਾਰ ਵੀ ਨਵੰਬਰ ਮਹੀਨੇ ਦੇ ਅਰੰਭ ਵਿੱਚ ਹੀ, ਪੱਛਮੀ ਦਿੱਲੀ ਸਥਿਤ ਸੰਸਾਰ ਦੀ ਇਕੋ-ਇਕ ਵਿਧਵਾ-ਕਾਲੋਨੀ, ਤਿਲਕ ਵਿਹਾਰ ਪੁਜਾ ਤੇ ਇਕ ਪੀੜਤ ਪਰਿਵਾਰ ਦੇ ਦਰਵਾਜ਼ੇ ਦੇ ਬਾਹਰ, ਵਾਹਣੇ ਮੰਜੇ ਪੁਰ ਬੈਠੇ ਬਜ਼ੁਰਗ ਨਾਲ ਗਲ ਕਰਨ ਲਈ, ਉਸਦੇ ਸਾਹਮਣੇ ਹੀ ਰੱਖੇ ਸਟੂਲ ਤੇ ਜਾ



ਬੈਠਾ। ਗਲਬਾਤ ਸ਼ੁਰੂ ਕਰਨ ਦੇ ਉਦੇਸ਼ ਨਾਲ ਨੋਟਬੁਕ ਖੋਲ੍ਹ ਜੇਬ੍ਹ ਵਿਚੋਂ ਪੈਨ ਕਢਿਆ ਹੀ ਸੀ, ਕਿ ਉਹ ਚੀਖ ਕੇ ਪੈ ਗਿਆ।

ਆਪਣੇ ਤੇ ਅਚਾਨਕ ਹੋਏ ਇਸ ਸ਼ਬਦੀ ਹਮਲੇ ਕਾਰਣ ਮੈਂ ਬੌਂਦਲਾ ਜਿਹਾ ਗਿਆ, ਕਿਸੇ ਤਰ੍ਹਾਂ ਆਪਣੇ ਨੂੰ ਸੰਭਾਲਿਆ ਤੇ ਉਸਨੂੰ ਦਸਿਆ ਕਿ 'ਮੈਂ ਇਕ ਪਤ੍ਰਕਾਰ ਹਾਂ ਤੇ..' ਇਸਤੋਂ ਪਹਿਲਾਂ ਕਿ ਆਪਣੀ ਗਲ ਪੂਰੀ ਕਰਦਾ, ਉਸਨੇ ਉਸੇ ਤਰ੍ਹਾਂ ਭੁਬਾਂ ਮਾਰ ਰੌਂਦਿਆਂ, ਮੈਨੂੰ ਪੁਛਿਆ ਕਿ ਤੁਸਾਂ ਤੇ ਤੁਹਾਡੇ ਵਰਗੇ ਹੋਰ ਪਤ੍ਰਕਾਰਾਂ ਨੇ ਸਿਵਾਏ ਮਸਾਲੇ ਲਾ-ਲਾ ਸਾਡੇ ਦੁੱਖ-ਦਰਦ ਦੀਆਂ ਕਹਾਣੀਆਂ ਛਪਵਾਣ ਅਤੇ ਸਾਡੇ ਕਹਿੰਦੇ-ਕਹਾਉਂਦੇ ਹਮਦਰਦੀਆਂ ਨੇ ਸਾਡੀਆਂ ਚੀਸਾਂ ਦਾ ਮੁਲ ਵਟਣ ਤੇ ਸਾਡਾ ਰਾਜਸੀ ਤੇ ਭਾਵਨਾਤਮਕ ਸ਼ੋਸ਼ਣ ਕਰਨ ਤੋਂ ਬਿਨਾਂ ਕੀਤਾ ਹੀ ਕੀ ਹੈ? ਉਸਦੀ ਆਵਾਜ਼ ਵਿੱਚ ਅੰਤਾਂ ਦਾ ਦਰਦ ਸੀ।

ਕਿਸੇ ਤਰ੍ਹਾਂ ਉਸਨੇ ਆਪਣੇ ਆਪਨੂੰ ਸੰਭਾਲਿਆ ਤੇ ਆਪਣੇ ਦਿਲ ਦੀ ਭੜਾਸ ਕਢਦਿਆਂ ਕਹਿਣਾ ਜਾਰੀ ਰਖਦਿਆਂ, ਕਿਹਾ ਕਿ ਦੁਸ਼ਮਣਾਂ ਨੇ ਤਾਂ ਇਕ ਵਾਰ ਸਾਡੇ ਸੀਨਿਆਂ ਨੂੰ ਸਲਿਆ ਸੀ, ਪਰ ਤੁਹਾਡੇ ਵਰਗੇ ਹਮਦਰਦਾਂ ਨੇ ਤਾਂ ਇਨ੍ਹਾਂ ਵਰ੍ਹਿਆਂ ਵਿੱਚ ਕੋਈ ਪੰਜਾਹ ਵਾਰੀ ਨਸ਼ਤਰ ਲੈ ਸਾਡੇ ਭਰੇ ਜਾਂਦੇ ਜ਼ਖਮ ਕੁਰੇਦੇ ਹਨ। ਤੁਸੀਂ ਲੋਕੀਂ ਨਾ ਤਾਂ ਸਾਡੇ ਜ਼ਖਮ ਭਰਨ ਦਿੰਦੇ ਹੋ ਅਤੇ ਨਾ ਹੀ ਕੁਰੇਦੇ ਗਏ ਜ਼ਖਮਾਂ ਦੇ ਦਰਦ ਦੇ ਨਾਲ ਉਠਦੀਆਂ ਚੀਸਾਂ ਕਾਰਣ, ਵਹਿੰਦੇ ਅਥਰੂਆਂ ਨੂੰ ਸੁਕਣ ਦਿੰਦੇ ਹੋ। ਤੁਹਾਨੂੰ ਕੀ ਪਤਾ ਕਿ ਸਾਲ ਵਿੱਚ ਇਕ ਵਾਰ ਆ, ਤੁਸੀਂ ਜੋ ਜ਼ਖਮ ਕੁਰੇਦ ਜਾਂਦੇ ਹੋ, ਉਨ੍ਹਾਂ ਦੇ ਦਰਦ ਕਾਰਣ ਉਠਣ ਵਾਲੀਆਂ ਚੀਸਾਂ ਸਹਿੰਦੇ ਅਸੀਂ ਕਦੋਂ ਤਕ ਅਥਰੂ ਵਹਾਂਦੇ ਰਹਿੰਦੇ ਹਾਂ?

ਚੀਸਾਂ ਦੇ ਦਰਦ ਨਾਲ, ਦਿੱਲ ਦੀਆਂ ਡੂਘਿਆਈਆਂ ਵਿਚੋਂ ਨਿਕਲੇ ਉਸਦੀਆਂ ਅੱਖਾਂ ਵਿਚੋਂ ਵਹਿੰਦੇ ਹੰਝੂਆਂ ਨਾਲ ਭਿਜੇ ਬੋਲਾਂ ਨੇ ਮੈਨੂੰ ਧੁਰ ਅੰਦਰ ਤਕ ਕੰਬਾ ਕੇ ਰੱਖ ਦਿੱਤਾ। ਉਸ ਸਮੇਂ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੈਂ ਹਰ ਵਰ੍ਹੇ ਇਥੇ ਆ ਆਪਣੀ ਕਹਾਣੀ ਬਣਾਉਣ ਦੀ ਲਾਲਸਾ ਨੂੰ ਪੂਰਿਆਂ ਕਰਨ ਲਈ, ਜੋ ਗੁਨਾਹ ਕਰਦਾ ਚਲਿਆ ਆ ਰਿਹਾ ਹਾਂ, ਕੀ ਉਹ ਕਦੀ ਮੁਆਫ਼ ਕੀਤਾ ਜਾ ਸਕਦਾ ਹੈ? ਹਰ ਵਾਰ ਇਥੇ ਆ ਪੀੜਤ-ਪਰਿਵਾਰਾਂ ਨਾਲ ਨਵੰਬਰ-84 ਦੇ ਸਾਕੇ ਦੀ ਗਲ ਛੇੜ ਉਨ੍ਹਾਂ ਦੇ ਭਰੇ ਜਾਂਦੇ ਜ਼ਖਮਾਂ ਨੂੰ ਕੁਰੇਦ ਦਿੰਦਾ ਹਾਂ। ਜਦੋਂ ਵੀ ਮੈਂ ਸਿੱਖ-ਨਸਲਕੁਸ਼ੀ ਦੀ ਗਲ ਛੇੜਦਾ ਹਾਂ, ਇਨ੍ਹਾਂ ਦੀਆਂ ਅੱਖਾਂ ਸਾਹਮਣੇ ਉਹ ਘਟਨਾਵਾਂ ਤਸਵੀਰਾਂ ਬਣ ਨਚਣ ਲਗਦੀਆਂ ਹਨ, ਜਿਨ੍ਹਾਂ ਦਾ ਸੰਤਾਪ ਉਹ ਵਰ੍ਹਿਆਂ ਤੋਂ ਭੋਗਦੇ ਚਲੇ ਆ ਰਹੇ ਹਨ। ਇਸਤਰ੍ਹਾਂ ਉਨ੍ਹਾਂ ਦੇ ਉਹ ਜ਼ਖਮ ਮੁੜ ਕੁਰੇਦੇ ਜਾਂਦੇਂ ਹਨ, ਜੋ ਭਰਨ ਦੇ ਨੇੜੇ-ਤੇੜੇ ਹੀ ਪੁਜੇ ਹੁੰਦੇ। ਮੈਂ ਤਾਂ ਉਨ੍ਹਾਂ ਨਾਲ ਵਾਪਰੇ ਸਾਕੇ ਦੀ ਕਹਾਣੀ ਬਣਾ, ਛਪਵਾਉਣ ਤੋਂ ਬਾਅਦ, ਕਦੀ ਮੁੜ ਕੇ ਵੀ ਨਹੀਂ ਵੇਖਦਾ ਕਿ ਜੋ ਜ਼ਖਮ ਕੁਰੇਦ ਆਇਆ ਹਾਂ, ਉਨ੍ਹਾਂ ਦੇ ਦਰਦ ਦੀਆਂ ਚੀਸਾਂ, ਕਦੋਂ ਤਕ ਉਨ੍ਹਾਂ ਦੇ ਅਥਰੂ ਬਣ ਵਹਿੰਦੀਆਂ ਰਹੀਆਂ?

ਬੀਤੇ ਚੌਂਤੀ ਵਰ੍ਹਿਆਂ ਤੋਂ ਇਹ ਰਸਮ ਜਿਹੀ ਬਣੀ ਚਲੀ ਆ ਰਹੀ ਹੈ ਕਿ ਜਦੋਂ ਵੀ ਨਵੰਬਰ ਦੇ ਮਹੀਨੇ ਦੀ ਅਰੰਭਤਾ ਹੋਵੇ, ਪੀੜਤਾਂ ਨਾਲ ਹਮਦਰਦੀ ਪ੍ਰਗਟ ਕਰੋ, ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਤੇ ਮਗਰਮੱਛੀ ਅਥਰੂ ਵਹਾਉ ਅਤੇ ਕਾਂਗ੍ਰਸ ਨੂੰ ਇਸਦੇ ਲਈ ਜ਼ਿਮੇਂਦਾਰ ਗਰਦਾਨ ਕੇ ਕੋਸੋ, ਦੋਸ਼ੀਆਂ ਨੂੰ ਸਜ਼ਾ ਦੁਆਉਣ ਦੀ ਮੰਗ ਨੂੰ ਲੈ ਰਾਸ਼ਟਰਪਤੀ, ਪ੍ਰਧਾਨ ਮੰਤ੍ਰੀ, ਕਦੀ-ਕਦੀ ਮਨੁਖੀ ਅਧਿਕਾਰ ਕਮਿਸ਼ਨ ਅਤੇ ਚੀਫ਼ ਜਸਟਿਸ ਤਕ ਨੂੰ ਮੰਗ-ਪਤ੍ਰ ਦੇ, ਆਪਣੇ ਆਪਨੂੰ ਪੀੜਤਾਂ ਦੇ 'ਸੱਚੇ' ਹਮਦਰਦ ਹੋਣ ਦਾ ਅਹਿਸਾਸ ਕਰਵਾਉ। ਜੇ ਹੋਰ ਕੁਝ ਕਰਨਾ ਹੋਵੇ ਤਾਂ ਕੈਂਡਲ ਮਾਰਚ ਕਰੋ, ਭਾਵੇਂ ਇਸ ਵਿੱਚ ਸ਼ਮਾਲ ਹੋਣ ਲਈ ਇਸਤਰ੍ਹਾਂ ਸਜ-ਧੱਜ ਕੇ ਪੁਜੋ, ਜਿਵੇਂ ਤੁਸੀਂ ਕਿਸੇ ਰੋਸ ਸਮਾਗਮ ਵਿੱਚ ਨਹੀਂ, ਸਗੋਂ ਵਿਅਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਹੋ। ਅਰਦਾਸ ਕਰ ਸ਼ਰਧਾਂਜਲੀ ਭੇਂਟ ਕਰੋ ਤੇ ਬਸ! ਕੀ ਬੀਤੇ 34 ਵਰ੍ਹਿਆਂ ਤੋਂ ਇਹੋ ਕੁਝ ਹੀ ਨਹੀਂ ਹੁੰਦਾ ਚਲਿਆ ਆ ਰਿਹਾ?

...ਅਤੇ ਅੰਤ ਵਿੱਚ : ਇਨ੍ਹਾਂ 34 ਵਰ੍ਹਿਆਂ ਵਿੱਚ ਦੋਸ਼ੀਆਂ ਦੀ ਪਛਾਣ ਕਰ, ਉਨ੍ਹਾਂ ਨੂੰ ਨਾਮਜ਼ਦ ਕਰਨ ਦੇ ਉਦੇਸ਼ ਨਾਲ ਸਮੇਂ-ਸਮੇਂ ਕਈ ਕਮਿਸ਼ਨਾਂ ਅਤੇ ਕਮੇਟੀਆਂ ਦਾ ਗਠਨ ਕੀਤਾ ਜਾਂਦਾ ਰਿਹਾ। ਪ੍ਰੰਤੂ ਅਜੇ ਤਕ ਨਾ ਤਾਂ ਕੋਈ ਅਜਿਹਾ ਕਮਿਸ਼ਨ ਬਣਿਆ ਤੇ ਨਾ ਹੀ ਕੋਈ ਕਮੇਟੀ ਗਠਤ ਕੀਤੀ ਗਈ, ਜੋ ਇਸ ਗਲ ਦੀ ਜਾਂਚ ਕਰੇ, ਕਿ ਪੀੜਤਾਂ ਦੀ ਮਦੱਦ ਕਰਨ ਦੇ ਨਾਂ ਤੇ ਜੋ ਵਿਅਕਤੀ ਸਰਗਰਮ ਰਹੇ ਤੇ ਜੋ ਕਮੇਟੀਆਂ ਹੋਂਦ ਵਿੱਚ ਆਈਆਂ, ਉਹ ਅੱਜ ਕਿਥੇ ਹਨ ਅਤੇ ਉਨ੍ਹਾਂ ਦੇ ਮੁੱਖੀਆਂ ਨੇ ਪੀੜਤਾਂ ਦੀ ਮਦੱਦ ਅਤੇ ਉਨ੍ਹਾਂ ਦਾ ਮੁੜ-ਵਸੇਬਾ ਕਰਨ ਦੇ ਨਾਂ ਤੇ ਦੇਸ਼-ਵਿਦੇਸ਼ ਵਿੱਚ ਦੂਰ-ਦੁਰਾਡੇ ਵਸਦੇ ਸਿੱਖਾਂ ਦਾ ਭਾਵਨਾਤਮਕ ਸ਼ੋਸ਼ਣ ਕਰ, ਜੋ ਕਰੋੜਾਂ ਰੁਪਏ ਇਕਠੇ ਕੀਤੇ, ਉਨ੍ਹਾਂ ਦਾ ਕੀ ਬਣਿਆ? ਜਿਨ੍ਹਾਂ ਪੀੜਤ ਵਿਧਵਾਵਾਂ ਨੂੰ ਅਪਣੇ ਪੈਰਾਂ ਤੇ ਖੜਿਆਂ ਕਰ, ਆਤਮ-ਨਿਰਭਰ ਬਣਾਉਣ ਦੇ ਨਾਂ ਤੇ ਘਰੇਲੂ-ਉਦਯੋਗ ਸਥਾਪਤ ਕਰਨ ਲਈ ਸਰਕਾਰ ਪਾਸੋਂ ਭਵਨ ਅਲਾਟ ਕਰਵਾਏ ਅਤੇ ਉਨ੍ਹਾਂ ਨੂੰ ਸੀਣ-ਪਰੋਣ ਆਦਿ ਦਾ ਕੰਮ ਸਿਖਾਉਣ ਲਈ ਸਰਕਾਰ ਅਤੇ ਆਮ ਸਿੱਖਾਂ ਪਾਸੋਂ ਲਖਾਂ-ਕਰੋੜਾਂ ਰੁਪਏ ਦੇ ਫੰਡ, ਮਸ਼ੀਨਾਂ ਤੇ ਹੋਰ ਸੰਦ ਆਦਿ ਲਏ? ਕਿਥੇ ਹਨ ਉਹ ਲੋਕ? ਕਿਥੇ ਹਨ ਉਹ ਭਵਨ ਅਤੇ ਕਿਥੇ ਹਨ ਉਹ ਮਸ਼ੀਨਾਂ, ਸੰਦ ਅਤੇ ਪੈਸੇ?

# ਰੇਲ ਹਾਦਸਾ ਬਨਾਮ ਜ਼ਿੰਦਗੀ ਦੀ ਗੱਡੀ ਦੀ ਰਫਤਾਰ

-ਕੁਲਜੀਤ ਬੈਂਸ

ਅੰਮ੍ਰਿਤਸਰ ਰੇਲ ਹਾਦਸੇ ਨੂੰ ਡੇਢ ਹਫਤਾ ਲੰਘ ਗਿਆ ਹੈ, ਜਿਸ ਨੇ ਸਾਨੂੰ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਅਤੇ ਸਾਨੂੰ ਜ਼ਿੰਦਗੀ ਦੇ ਖਤਰਿਆਂ ਬਾਰੇ ਧਿਆਨ ਕਰਨ ਨੂੰ ਮਜਬੂਰ ਕਰ ਦਿੱਤਾ ਸੀ। ਇਹ ਅਜਿਹਾ ਵਰਤਾਰਾ ਹੈ, ਜਿਹੜਾ ਮੌਤ ਦੇ ਤਾਂਡਵ ਤੋਂ ਬਾਅਦ ਹਰ ਵਾਰ ਸਾਡੇ ਸਾਹਵੇਂ ਆ ਖਲੋਂਦਾ ਹੈ। ਹਫਤੇ ਭਰ ਤੋਂ ਤੌਖਲੇ ਫਿਰ ਮੱਠੇ ਪੈ ਗਏ ਹਨ। ਜ਼ਮੀਰ ਵੀ ਇਸ ਹਾਦਸੇ ਨੂੰ ਕਿਤੇ ਪਿਛਾਂਹ ਛੱਡਣ ਦੇ ਯਤਨ ਤੇ ਅਗਲਾ ਰਾਹ ਫੜਨ ਦੀ ਤਾਂਘ ਵਿੱਚ ਹੈ ਤੇ ਇਹੀ ਹਕੀਕੀ ਤ੍ਰਾਸਦੀ ਹੈ।

ਸਾਡੇ ਲਈ ਇਹ ਕਿੰਨਾ ਖੌਫਨਾਕ ਹੈ, ਜਿਸ ਨੂੰ ਅਸੀਂ ਚੁੱਪ ਚਪੀਤੇ ਸਵੀਕਾਰ ਕਰ ਲਿਆ ਹੈ ਕਿ ਕੋਈ ਤਬਦੀਲੀ ਨਹੀਂ ਹੋਣੀ। ਇਹ ਗੱਲ ਤੁਰਸ਼ ਤਾਂ ਹੈ, ਪਰ ਅਜਿਹੇ ਬਥੇਰੇ ਹਾਦਸੇ ਹਨ ਜਿਹੜੇ ਦੇਸ਼ ਅਤੇ ਸੂਬੇ ਅੰਦਰ ਵਾਰ-ਵਾਰ ਵਾਪਰ ਰਹੇ ਹਨ। ਇਸ ਲਈ ਨਾਂਹ-ਮੁਖੀ ਸੋਚ ਦਾ ਪਨਪਣਾ ਵੱਡੀ ਗੱਲ ਨਹੀਂ। ਇਹ ਭਾਵੇਂ ਪਟਿਆਲੇ ਦੇ ਬੱਚਾ ਵਿਭਾਗ ਵਿੱਚ ਅੱਗ ਨਾਲ ਬੱਚਿਆਂ ਦੀ ਮੌਤ ਹੈ, ਬੱਸ ਹਾਦਸਿਆਂ ਵਿੱਚ ਮਰਦੇ ਬੱਚਿਆਂ ਦੀ ਮੌਤ ਹੈ, ਫੈਕਟਰੀਆਂ ਵਿੱਚ ਲੱਗਦੀਆਂ ਅੱਗਾਂ ਜਾਂ ਡਿੱਗਦੀਆਂ ਛੱਤਾਂ ਹਨ, ਅਸੀਂ ਮਸਲੇ ਦੀ ਪੁਣਛਾਣ ਵਾਲੇ ਪਾਸੇ ਜਾਣ ਦੀ ਥਾਂ ਭਾਣਾ ਮੰਨਣ ਵੱਲ ਰੁਚਿਤ ਹਾਂ। ਹਰ ਵਾਰ ਸਾਰਾ ਧਿਆਨ ਤਤਕਾਲੀ ਘਟਨਾ ਵੱਲ ਹੁੰਦਾ ਹੈ, ਕਿਉਂਕਿ ਸਰਕਾਰ ਸਮੇਤ ਸਭ ਜ਼ਿੰਮੇਵਾਰ ਸੰਸਥਾਵਾਂ ਅਜਿਹੇ ਸਰੋਕਾਰਾਂ ਬਾਰੇ ਗੈਰ ਸੰਜੀਦਾ ਹਨ। ਲੋੜ ਤਾਂ ਨਿੱਤ ਹਜ਼ਾਰਾਂ 'ਵਪਾਰਦੇ ਵਾਪਰਦੇ ਬਚ ਰਹਿੰਦੇ' ਹਾਦਸਿਆਂ ਵੱਲ ਤਵੱਜੋ ਦੇਣ ਦੀ ਹੈ। ਇਹ ਉਹ ਆਫਤਾਂ ਹਨ ਜਿਨ੍ਹਾਂ ਤੋਂ ਇਤਫਾਕਨ ਬਚਾਅ ਹੋ ਜਾਂਦਾ ਹੈ, ਭਿਅੰਕਰ ਤ੍ਰਾਸਦੀ ਵਾਪਰਨ ਲਈ ਕੋਈ ਕਸਰ ਬਾਕੀ ਨਹੀਂ ਰਹੀ ਹੁੰਦੀ। 19 ਅਕਤੂਬਰ ਨੂੰ ਅੰਮ੍ਰਿਤਸਰ ਵਿੱਚ ਮਨਾਇਆ ਜਾ ਰਿਹਾ ਇਹ ਇਕੱਲਾ ਇਕਹਿਰਾ, ਅਸੁਰੱਖਿਅਤ ਦੁਸਹਿਰਾ ਨਹੀਂ ਸੀ, ਪਰ ਇਸ ਮਾਮਲੇ 'ਤੇ ਕਿਸੇ ਹੋਰ ਸ਼ਹਿਰ ਵੱਲ ਧਿਆਨ ਲਾਇਆ ਹੀ ਨਹੀਂ ਗਿਆ।

ਇਸ ਭਿਆਨਕ ਅਤੇ ਬਿਲਕੁਲ ਟਾਲੇ ਜਾ ਸਕਣ ਵਾਲੇ ਹਾਦਸੇ ਬਾਰੇ ਹਰ ਕੋਈ ਆਪੋ ਆਪਣੀ ਰਾਏ ਦੇ ਰਿਹਾ ਹੈ, ਇਸ ਦੇ ਕਾਰਨ ਗਿਣਾ ਰਿਹਾ ਹੈ ਅਤੇ ਕਦੀ ਇਕ ਤੇ ਕਦੀ ਦੂਜੇ ਨੂੰ ਇਸ ਲਈ ਜ਼ਿੰਮੇਵਾਰ ਦੱਸ ਰਿਹਾ ਹੈ। ਕਈਆਂ ਨੇ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰੇਲ ਪਟੜੀ ਉਤੇ ਖੜਨ ਦੀ 'ਮੂਰਖਤਾ' ਵਾਰ-ਵਾਰ ਚਿਤਾਰੀ ਗਈ ਹੈ, ਪਰ ਆਮ ਲੋਕਾਂ 'ਤੇ ਇਉਂ ਦੋਸ਼ ਲਾਉਣੇ ਵਾਜਬ ਨਹੀਂ। ਸਾਨੂੰ ਸੁਰੱਖਿਆ ਬਾਰੇ ਜਾਗਰੂਕਤਾ ਨਾਲ ਕਦੇ ਜੋੜਿਆ ਹੀ ਨਹੀਂ ਗਿਆ। ਅਸੀਂ ਕਾਨੂੰਨ ਦੇ ਡਰੋਂ ਸੀਟ ਬੈਲਟਾਂ ਲਾਉਂਦੇ ਜਾਂ ਹੈਲਮਟ ਪਾਉਂਦੇ ਹਾਂ, ਉਸਾਰੀ ਦੀਆਂ ਥਾਵਾਂ ਉਤੇ ਬੁਨਿਆਦੀ ਸੁਰੱਖਿਆ ਸਾਜ਼ੋ



ਸਮਾਨ ਹਾਸਲ ਕਰਵਾਉਂਦੇ ਹਾਂ, ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਨਹੀਂ। ਅਸੀਂ ਇਹ ਵੀ ਭਲੀ ਭਾਂਤ ਜਾਣਦੇ ਹਾਂ ਕਿ ਭੀੜ ਦੌਰਾਨ ਵਿਹਾਰ ਕਿੱਦਾਂ ਦਾ ਹੋ ਜਾਂਦਾ ਹੈ। ਇਹੀ ਉਹ ਪਲ ਹੁੰਦੇ ਹਨ ਜਿਥੇ ਕਾਨੂੰਨ ਵਿਵਸਥਾ ਮਸ਼ੀਨਰੀ ਨੇ ਮੋਰਚਾ ਸੰਭਾਲਣਾ ਹੁੰਦਾ ਹੈ ਅਤੇ ਅੰਮ੍ਰਿਤਸਰ ਵਿੱਚ ਅਜਿਹਾ ਹੋਇਆ ਨਹੀਂ।

ਰੱਬ ਦੇ ਡਰੋਂ ਕਈ ਸ਼ਰਧਾਲੂ ਆਚਾਰ ਸਦਾਚਾਰ ਦੇ ਘੇਰੇ ਵਿੱਚ ਰਹਿੰਦੇ ਹਨ, ਪਰ ਅਜਿਹਾ ਬਹੁਤ ਘੱਟ ਵਾਪਰਦਾ ਹੈ, ਵਧੇਰੇ ਲੋਕਾਂ ਦੇ ਵਿਹਾਰ ਉਤੇ ਇਸ ਦਾ ਅਸਰ ਨਹੀਂ ਪੈਂਦਾ। ਅੱਜ ਦੇ ਆਧੁਨਿਕ ਸਮਾਜਾਂ ਅੰਦਰ ਜਦੋਂ ਆਬਾਦੀ ਅਤੇ ਸੁਰੱਖਿਆ ਬਾਰੇ ਖਤਰੇ ਮੂੰਹ ਅੱਡੀ ਖੜੇ ਹਨ, ਸਰਕਾਰਾਂ ਦੀ ਭੂਮਿਕਾ ਵੱਧ ਅਹਿਮ ਹੋ ਜਾਂਦੀ ਹੈ। ਕਾਨੂੰਨ ਅਤੇ ਨੇਮ ਇਸ ਕਰਕੇ ਨਹੀਂ ਮੰਨੇ ਜਾਂਦੇ ਕਿ ਇਹ ਮੰਨਣੇ ਪੈਣੇ ਹਨ, ਸਗੋਂ ਇਹ ਉਦੋਂ ਮੰਨੇ ਜਾਂਦੇ ਹਨ ਜਦੋਂ ਸਖਤੀ ਨਾਲ ਲਾਗੂ ਕੀਤੇ ਜਾਂਦੇ ਹਨ। ਜੌੜੇ ਫਾਟਕ ਵਾਲੀ ਤ੍ਰਾਸਦੀ ਦੀ ਹੋਣੀ ਤਾਂ ਪਹਿਲਾਂ ਹੀ ਤੈਅ ਹੋ ਗਈ ਸੀ ਬੱਸ ਸੰਜੋਗ ਹੀ ਲੋਕਾਂ ਨੂੰ ਬਚਾਉਂਦਾ ਰਿਹਾ। ਤੇ ਕਿਸੇ ਵੀ ਸਰਕਾਰੀ ਏਜੰਸੀ ਨੇ ਇਸ ਦਾ ਨੋਟਿਸ ਨਹੀਂ ਲਿਆ।

ਇਸ ਘਟਨਾ ਲਈ ਬਹੁਤ ਸਾਰੇ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਦੀ ਜ਼ਰੂਰਤ ਹੈ, ਪਰ ਭੀੜ ਕੰਟਰੋਲ ਕਰਨ ਦੀ ਜ਼ਿੰਮੇਵਾਰੀ ਨਿਰੋਲ ਪੁਲਸ ਦੇ ਘੇਰੇ ਵਿੱਚ ਆਉਂਦੀ ਹੈ। ਅੰਮ੍ਰਿਤਸਰ ਵਿੱਚ ਪੁਲਸ ਕਮਿਸ਼ਨਰ ਦਾ ਦਫਤਰ ਵੀ ਹੈ। ਡੰਡੇ ਵਾਲਾ ਸਿਪਾਹੀ ਸ਼ਾਇਦ ਸਭ ਤੋਂ ਤਾਕਤਵਰ ਸਰਕਾਰੀ ਮੁਲਾਜ਼ਮ ਹੈ। ਇਸ ਡੰਡੇ ਦੀ ਨਿਰਪੱਖਤਾ ਅਤੇ ਵੇਲੇ ਸਿਰ ਕਾਰਵਾਈ ਕਾਰਗਰ ਹੋ ਸਕਦੀ ਹੈ। ਸ਼ਾਇਦ ਅਸੀਂ ਪੁਲਸ ਨੂੰ ਇਹ ਸਿਖਲਾਈ ਹੀ ਨਹੀਂ ਦਿੰਦੇ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਸਿਰਫ ਕਾਨੂੰਨ ਵਿਵਸਥਾ ਲਾਗੂ ਕਰਨਾ ਹੀ ਨਹੀਂ, ਸਗੋਂ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਕਰਨਾ ਵੀ ਹੈ।

ਅਧਿਕਾਰੀ ਭਾਵੇਂ ਇਹ ਬਹਾਨੇ ਲੱਭ ਰਹੇ ਹਨ ਕਿ ਦੋਸ਼ ਕਿਸ ਨੂੰ ਦਿੱਤਾ ਜਾਵੇ ਤੇ ਸਿਆਸਤਦਾਨ ਛਾਤੀ ਥਾਪੜ-ਥਾਪੜ ਕੇ ਚੀਕ ਰਹੇ ਹਨ ਅਤੇ ਲੋਕ ਇਸ ਨੂੰ ਸਰਕਾਰ ਦੀ ਨਾਕਾਮੀ ਵਜੋਂ ਦੇਖਦੇ ਹਨ। ਨੁਕਤਾ ਇਹ ਹੈ ਕਿ ਜਦੋਂ ਤੱਕ ਬਾਜ਼ਾਰਾਂ, ਆਵਾਜਾਈ ਤੇ ਸਮਾਗਮਾਂ ਲਈ ਸਹੀ ਪ੍ਰਬੰਧਾਂ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ, ਸਰਕਾਰ ਵੱਲੋਂ ਵਕਤੀ ਹਮਦਰਦੀ, ਮੁਆਵਜ਼ੇ ਤੇ ਚਿੰਤਾ ਜ਼ਾਹਿਰ ਕਰਨ ਦਾ ਕਿੰਨਾ ਦਾ ਮੁੱਲ ਰਹਿ ਜਾਂਦਾ ਹੈ।

ਸਮਾਂ ਬਹੁਤ ਬਲਵਾਨ ਹੁੰਦਾ ਹੈ, ਇਹ ਹਰ ਹਾਦਸੇ ਤੋਂ ਪਾਰ ਲੰਘਣ ਵਿੱਚ ਸਾਡੀ ਮਦਦ ਕਰਦਾ ਹੈ। ਅੱਜ ਵੇਲਾ ਹੈ ਕਿ ਰੋਹ ਅਤੇ ਰੋਸ ਨੂੰ ਤਰਕ ਦੀ ਲੀਹ ਉਤੇ ਪਾਇਆ ਜਾਵੇ ਤਾਂ ਕਿ ਜੋ ਕੁਝ ਵਾਪਰਿਆ ਹੈ, ਉਸ ਦੀ ਰੋਕਥਾਮ ਲਈ ਕੋਈ ਬੰਨ੍ਹ ਸੁਬ ਕੀਤਾ ਜਾਵੇ, ਨਹੀਂ ਤਾਂ ਸਾਨੂੰ ਮਾਤਮ ਮਨਾਉਣ ਦਾ ਵੀ ਕੋਈ ਹੱਕ ਨਹੀਂ ਹੈ।

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ
- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

FREE Examination 5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

DUCT CLEANING
A breath of Clean air
Residential & Commercial
Air duct cleaning
and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ
ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS
www.jeyatransport.com
202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੱਤਾਧਾਰੀ ਵਰਗ ਸੀ ਬੀ ਆਈ ਨਾਲ ਖਿਲਵਾੜ ਕਰਨਾ ਬੰਦ ਕਰੇ

-ਪੂਨਮ ਆਈ ਕੌਸ਼ਿਸ਼

ਅੱਧੀ ਰਾਤ ਨੂੰ ਬੇਮਿਸਾਲ ਬਗਾਵਤ ਹੋਈ, ਜਿਸ 'ਚ ਰਾਤ ਦੇ ਇੱਕ ਵਜੇ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਜਾਇੰਟ ਡਾਇਰੈਕਟਰ ਨਾਗੇਸ਼ਵਰ ਰਾਓ ਦੀ ਨਿਯੁਕਤੀ ਕੀਤੀ ਗਈ ਤੇ ਇਸ ਦਾ ਕਾਰਨ ਡਾਇਰੈਕਟਰ ਵਰਮਾ ਅਤੇ ਵਿਸ਼ੇਸ਼ ਡਾਇਰੈਕਟਰ ਅਸਥਾਨਾ ਵਿਚਾਲੇ ਜਨਤਕ ਤੌਰ 'ਤੇ ਦੂਸ਼ਣਬਾਜ਼ੀ ਦਾ ਦੌਰ ਸੀ। ਦੋਵੇਂ ਇੱਕ ਦੂਜੇ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾ ਰਹੇ ਸਨ ਅਤੇ ਦੋਵਾਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ। ਦੋਵੇਂ ਜਣੇ ਅਦਾਲਤਾਂ ਦੀ ਪਨਾਹ ਵਿੱਚ ਗਏ। ਵਰਮਾ ਸੁਪਰੀਮ ਕੋਰਟ ਦੀ ਪਨਾਹ 'ਚ ਗਏ ਅਤੇ ਅਸਥਨਾ ਨੇ ਦਿੱਲੀ ਹਾਈ ਕੋਰਟ 'ਚ ਆਪਣੇ ਵਿਰੁੱਧ ਦਰਜ ਕੇਸ ਰੱਦ ਕਰਨ ਲਈ ਪਟੀਸ਼ਨ ਦਾਇਰ ਕੀਤੀ, ਜੋ ਮੋਇਨ ਕੁਰੈਸ਼ੀ ਰਿਸ਼ਵਤ ਮਾਮਲੇ ਵਿੱਚ ਵਰਮਾ ਦੇ ਹੁਕਮ 'ਤੇ ਦਰਜ ਕੀਤੀ ਗਈ ਸੀ। ਨਤੀਜਾ ਇਹ ਹੋਇਆ ਕਿ ਸੁਪਰੀਮ ਕੋਰਟ ਨੇ ਮੁੱਖ ਚੌਕਸੀ ਕਮਿਸ਼ਨਰ ਨੂੰ 10 ਦਿਨਾਂ ਵਿੱਚ ਜਾਂਚ ਪੂਰੀ ਕਰਨ ਅਤੇ ਰਾਓ ਨੂੰ ਕੋਈ ਨੀਤੀਗਤ ਫੈਸਲਾ ਨਾ ਲੈਣ ਦਾ ਹੁਕਮ ਦਿੱਤਾ।

ਦੇਸ਼ ਦੀ ਮੁੱਖ ਜਾਂਚ ਏਜੰਸੀ ਵਿੱਚ ਚੱਲਦੇ ਇਸ ਕਾਂਡ ਨਾਲ ਉਸ ਦਾ ਮਜ਼ਾਕ ਬਣਿਆ ਅਤੇ ਇਹ ਕਈ ਪੱਧਰਾਂ 'ਤੇ ਅਸਫਲਤਾ ਨੂੰ ਦਰਸਾਉਂਦਾ ਹੈ। ਅਸਲ ਵਿੱਚ ਵਰਮਾ, ਅਸਥਾਨਾਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਵੱਲੋਂ ਮਿਲ-ਬੈਠ ਕੇ ਇਸ ਸਥਿਤੀ ਤੋਂ ਬਚਿਆ ਜਾ ਸਕਦਾ ਸੀ। ਮੁੱਖ ਵਿਜੀਲੈਂਸ ਕਮਿਸ਼ਨਰ ਜਾਂ ਪ੍ਰਧਾਨ ਮੰਤਰੀ ਦਫਤਰ ਨੂੰ ਇਸ ਮੁੱਦੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਅਜਿਹਾ ਪਹਿਲੀ ਵਾਰ ਨਹੀਂ ਹੋਇਆ ਅਤੇ ਨਾ ਇਹ ਆਖਰੀ ਹੈ। ਪਿਛਲੇ ਸਾਲਾਂ ਦੌਰਾਨ ਦੇਸ਼ ਦੀ ਪ੍ਰਮੁੱਖ ਏਜੰਸੀ ਵਿੱਚ ਅਜਿਹੇ ਕਈ ਕਾਂਡ ਹੋਏ, ਜਿਨ੍ਹਾਂ ਕਰ ਕੇ ਇਸ ਨੂੰ ਸੈਂਟਰਲ ਬਿਊਰੋ ਆਫ ਕੁਰੱਪਸ਼ਨ, ਕਨਾਈਵੈਂਸ ਅਤੇ ਕਾਨਵੀਨੀਐਂਸ ਦੇ ਉਪ ਨਾਂਅ ਦਿੱਤੇ ਗਏ।

ਵਿਰੋਧੀ ਧਿਰ ਮੋਦੀ-ਸ਼ਾਹ ਉਤੇ ਸੀ ਬੀ ਆਈ ਦੀ ਭਰੋਸੇਯੋਗਤਾ ਨਾਲ ਸਮਝੌਤਾ ਕਰਨ ਦਾ ਦੋਸ਼ ਲਾ ਰਹੀ ਹੈ, ਜਦ ਕਿ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਨਰਿੰਦਰ ਮੋਦੀ ਨੇ ਸੀ ਬੀ ਆਈ ਉਤੇ ਪੱਖਪਾਤ ਕਰਨ ਅਤੇ ਗੁਜਰਾਤ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਸੀ ਕਿ ਸਾਨੂੰ ਦੁਸ਼ਮਣ ਸੂਬੇ ਵਾਂਗ ਕਿਉਂ ਮੰਨਿਆ ਜਾ ਰਿਹਾ ਹੈ? ਅੱਜ ਸਥਿਤੀ ਵੱਖਰੀ ਹੈ। ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਉਤੇ ਆਪਣੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ, ਨਾਲ ਸੀ ਬੀ ਆਈ ਦੀ ਖੁਦਮੁਖਤਿਆਰੀ ਅਤੇ ਆਜ਼ਾਦੀ ਦਾ ਮਜ਼ਾਕ ਬਣਾਇਆ ਜਾ ਰਿਹਾ ਹੈ।

ਇਸ ਕਾਂਡ ਨਾਲ ਸੀ ਬੀ ਆਈ ਦੀ ਇਮਾਨਦਾਰੀ ਅਤੇ ਸੱਚਾਈ 'ਤੇ ਸਵਾਲ ਉਠਦੇ ਹਨ। ਕੀ ਸੀ ਬੀ ਆਈ ਉਤੇ ਇਸ ਤੋਂ ਕਿਤੇ ਜ਼ਿਆਦਾ ਦੋਸ਼ ਲਾਏ ਜਾ ਰਹੇ ਹਨ, ਜਿੰਨੇ ਕਿ ਉਸ ਦੇ ਗਲਤ ਕਾਰਨਾਮੇ ਹਨ? ਕੀ ਰਾਜਨੇਤਾ ਮੁੱਖ ਤੌਰ 'ਤੇ ਦੋਸ਼ੀ ਹਨ? ਦੋਵੇਂ ਧਿਰਾਂ ਆਪੋ-ਆਪਣੇ ਹਿੱਤਾਂ ਦੀ ਪੂਰਤੀ ਲਈ ਮਿਲ ਕੇ ਕੰਮ ਕਰਦੀਆਂ ਹਨ।

ਵਰਮਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਿਆਸੀ ਵਰਗ ਵੱਲੋਂ ਪਾਇਆ ਜਾਂਦਾ ਦਬਾਅ ਸਪੱਸ਼ਟ ਜਾਂ ਲਿਖਤੀ ਰੂਪ ਵਿੱਚ ਨਹੀਂ ਹੁੰਦਾ। ਇਹ ਅਕਸਰ ਅਸਿੱਧੇ ਰੂਪ ਵਿੱਚ ਹੁੰਦਾ ਹੈ ਤੇ ਇਸ ਦਾ ਮੁਕਾਬਲਾ ਕਰਨ ਲਈ ਹਿੰਮਤ ਦੀ ਲੋੜ ਪੈਂਦੀ ਹੈ। ਜਿਵੇਂ ਅਕਸਰ ਹੁੰਦਾ ਹੈ, ਸਾਡੇ ਨੇਤਾ ਅਪਰਾਧ ਅਤੇ ਭ੍ਰਿਸ਼ਟਾਚਾਰ ਨੂੰ ਜਾਇਜ਼ ਠਹਿਰਾਉਣ ਦਾ ਕੰਮ ਕਰਦੇ ਹਨ। ਸੱਤਾ ਦਾ ਨਸ਼ਾ ਅਜਿਹਾ ਹੁੰਦਾ ਹੈ ਕਿ ਸਾਰੇ ਸਿਆਸੀ ਪੂੰਜੀ ਬਣਾਉਣਾ ਚਾਹੁੰਦੇ ਹਨ, ਜਿਸ ਦੇ ਲਈ ਵਿਵਸਥਾ ਨੂੰ ਤੋੜਿਆ-ਮਰੋੜਿਆ ਜਾਂਦਾ ਹੈ। ਪਿਛਲੇ ਸਾਲਾਂ 'ਚ ਸਿਆਸੀ ਵਰਗ ਨੇ ਸੀ ਬੀ ਆਈ ਨੂੰ ਬਹੁਤ ਜ਼ਿਆਦਾ ਤਾਕਤਾਂ ਦਿੱਤੀਆਂ ਹਨ। ਇਸ ਮਾਮਲੇ ਵਿੱਚ ਦੋ ਕਾਂਡ ਪ੍ਰਮੁੱਖ ਹਨ। ਭਾਜਪਾ ਦੇ ਕਰਨਾਟਕ ਦੇ ਥਾਗ ਨੇਤਾ ਯੇਦੀਯੁਰੱਪਾ ਨੂੰ ਸੂਬੇ ਦੇ ਲੋਕ-ਆਯੁਕਤ ਨੇ ਮਾਈਨਿੰਗ ਕੰਪਨੀਆਂ ਦਾ ਪੱਖ ਲੈਣ ਤੇ ਉਸ ਦੇ ਬਦਲੇ ਰਿਸ਼ਵਤ ਲੈਣ ਦਾ ਦੋਸ਼ੀ ਮੰਨਿਆ, ਜਦ ਕਿ ਜਦੋਂ ਕੇਂਦਰ ਵਿੱਚ ਭਾਜਪਾ ਦੀ ਸਰਕਰਾ ਹੈ ਤਾਂ ਸੀ ਬੀ ਆਈ ਦੀ ਇਸੇ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

ਇਸੇ ਤਰ੍ਹਾਂ ਯੂ ਪੀ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਅਤੇ ਮੁਲਾਇਮ ਸਿੰਘ ਦੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਸਿਆਸੀ ਆਗੂਆਂ ਵੱਲੋਂ ਪ੍ਰੇਰਤ ਹੁੰਦੇ ਹਨ। ਇਸ ਕੇਸ 'ਚ ਕਾਂਗਰਸ ਦਾ ਰਿਕਾਰਡ ਵੀ ਚੰਗਾ ਨਹੀਂ ਹੈ। ਇਸ ਨੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੀ ਬੀ ਆਈ ਦੀ ਵਰਤੋਂ ਅਤੇ ਦੁਰਵਰਤੋਂ ਕੀਤੀ ਹੈ। ਇਸੇ ਲਈ 2013 ਵਿੱਚ ਕੋਲਾ ਘਪਲੇ 'ਚ ਸੀ ਬੀ ਆਈ ਨੂੰ 'ਪਿੰਜਰੇ 'ਚ ਬੰਦ ਤੋਤਾ' ਕਿਹਾ ਗਿਆ। ਬੋਫਰਜ਼ ਘਪਲੇ 'ਚ ਏਜੰਸੀ ਦੀ ਭੂਮਿਕਾ ਜਗ ਜਾਹਰ ਹੈ ਅਤੇ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਇਸ ਘਪਲੇ 'ਚ 62 ਕਰੋੜ ਰੁਪਏ ਕਿਸ ਦੀ ਜੇਬ ਵਿੱਚ ਗਏ, ਹਾਲਾਂਕਿ ਸਵਰਗੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਇਸ ਘਪਲੇ ਕਾਰਨ ਆਪਣੀ ਗੱਦੀ ਗੁਆਉਣੀ ਪਈ।

ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਵੱਖ-ਵੱਖ ਅਦਾਲਤਾਂ 'ਚ 13 ਹਜ਼ਾਰ ਕੇਸ ਪੈਂਡਿੰਗ ਹਨ, ਜਿਨ੍ਹਾਂ 'ਚੋਂ ਕੁਝ ਦੀ ਜਾਂਚ ਸੀ ਬੀ ਆਈ ਕਰ ਰਹੀ ਹੈ। ਇਸ ਕਾਰਨ ਸੀ ਬੀ ਆਈ ਦੀ ਸਾਖ ਨੂੰ ਵੱਟਾ ਲੱਗਾ ਤੇ ਉਹ ਅਜਿਹੇ ਕੇਸਾਂ ਵਿੱਚ ਲੋੜੀਂਦੇ ਸਬੂਤ ਇਕੱਠੇ ਨਹੀਂ ਕਰ ਸਕੀ। ਇਹੋ ਨਹੀਂ, ਸੀ ਬੀ ਆਈ ਨੇ ਸਰਕਾਰ ਦੇ ਨਾਲ ਚੱਲਣ ਦੀ ਮੌਕਾਪ੍ਰਸਤ ਨੀਤੀ ਅਪਣਾਈ ਹੈ। ਅਸਲ ਮੁੱਦਾ ਇਹ ਹੈ ਕਿ ਸੀ ਬੀ ਆਈ ਉਤੇ ਕਿਸ ਦਾ ਕੰਟਰੋਲ ਹੋਵੇ? ਇਹ ਸਾਡੇ ਸੱਤਾ ਦੇ ਭੁੱਖੇ ਨੇਤਾਵਾ ਲਈ ਦੁਚਿੱਤੀ ਭਰਿਆ ਸਵਾਲ ਹੈ। ਉਹ ਕਦੇ ਵੀ ਇਸ ਦਾ ਇਮਾਨਦਾਰੀ ਨਾਲ ਜੁਆਬ ਨਹੀਂ ਦੇਣਗੇ ਤੇ ਅਜਿਹੀ ਉਮੀਦ ਕਰਨਾ ਸਾਡੀ ਬੇਵਕੂਫੀ ਹੈ।

ਸਿਆਸੀ ਹੇਰਾਫੇਰੀ ਤੇ ਜਾਂਚ ਨੂੰ ਅੰਦਰੂਨੀ ਤੌਰ 'ਤੇ ਪ੍ਰਭਾਵਤ ਕਰਨਾ ਸੀ ਬੀ ਆਈ ਦੇ ਸਾਹਮਣੇ ਦੋ ਵੱਡੀਆਂ ਚੁਣੌਤੀਆਂ ਹਨ। ਸਭ ਨੂੰ ਯਾਦ ਹੈ ਕਿ ਇੰਦਰਾ ਗਾਂਧੀ ਦੇਸ਼ ਦੀ ਪਹਿਲੀ ਪ੍ਰਧਾਨ ਮੰਤਰੀ ਸੀ, ਜੋ ਸੱਤਾ ਦੇ ਸਾਰੇ ਸੋਮਿਆਂ ਨੂੰ ਆਪਣੇ ਹੱਥ ਵਿੱਚ ਰੱਖਣਾ ਚਾਹੁੰਦੀ ਸੀ। ਉਸ ਤੋਂ ਬਾਅਦ ਸਾਰੇ ਪ੍ਰਧਾਨ ਮੰਤਰੀਆਂ ਨੇ ਇਸ ਰਵਾਇਤ ਨੂੰ ਅਪਣਾਇਆ, ਹਾਲਾਂਕਿ ਸੀ ਬੀ ਆਈ ਦੀ ਵਰਤੋਂ ਦੇ ਉਨ੍ਹਾਂ 'ਤੇ ਹਮੇਸ਼ਾ ਦੋਸ਼ ਲੱਗਦੇ ਰਹੇ ਅਤੇ ਨੇਤਾ ਸੀ ਬੀ ਆਈ ਨੂੰ ਖੁਦਮੁਖਤਿਆਰੀ ਅਤੇ ਆਜ਼ਾਦੀ ਦੇਣ ਦੀਆਂ ਗੱਲਾਂ ਕਰਦੇ ਰਹੇ। ਕੇਂਦਰ 'ਚ ਸੱਤਾ ਵਿੱਚ ਆਉਣ 'ਤੇ ਸਾਰੀਆਂ ਸਿਆਸੀ ਪਾਰਟੀਆਂ ਉਤੇ ਸੀ ਬੀ ਆਈ ਦੀ ਕਾਰਜ ਪ੍ਰਣਾਲੀ 'ਚ ਦਖਲ ਅਤੇ ਸਿਆਸੀ ਵਿਰੋਧੀਆਂ ਵਿਰੁੱਧ ਇਸ ਦੀ ਦੁਰਵਰਤੋਂ ਕਰਨ ਦੇ ਦੋਸ਼ਲਗੱਦੇ ਰਹੇ। ਸੀ ਬੀ ਆਈ ਦੇ ਸਾਬਕਾ ਡਾਇਰੈਕਟਰਾਂ ਤੇ ਚੋਟੀ ਦੇ ਅਧਿਕਾਰੀਆਂ ਮੁਤਾਬਕ ਏਜੰਸੀ ਨੂੰ ਖੁਦਮੁਖਤਿਆਰੀ ਵਰਗੀ ਕੋਈ ਚੀਜ਼ ਹਾਸਲ ਨਹੀਂ ਹੈ ਅਤੇ ਇਹ ਇੱਕ ਦਿਖਾਵਾ ਹੈ। ਕੋਈ ਵੀ ਸਰਕਾਰੀ ਬਾਡੀ ਆਜ਼ਾਦ ਨਹੀਂ ਹੈ। ਹਾਲਾਂਕਿ ਹਵਾਲਾ ਘਪਲੇ ਵਿੱਚ ਸੁਪਰੀਮ ਕੋਰਟ ਦੇ 1997 ਵਾਲੇ ਵਿਨੀਤ ਨਾਰਾਇਣ ਫੈਸਲੇ ਤੋਂ ਬਾਅਦ ਕੇਂਦਰੀ ਵਿਜੀਲੈਂਸ ਕਮਿਸ਼ਨ ਐਕਟ ਅਤੇ ਦਿੱਲੀ ਵਿਸ਼ੇਸ਼ ਪੁਲਸ ਸਥਾਪਨਾ ਐਕਟ 'ਚ ਸੋਧਾਂ ਕੀਤੀਆਂ ਗਈਆਂ।

ਇਹ ਕੰਮ ਤਿੰਨ ਕਾਰਨਾਂ ਕਰ ਕੇ ਕੀਤਾ ਗਿਆ। ਪਹਿਲਾ ਸੀ ਬੀ ਆਈ ਸਿੱਧੀ ਪ੍ਰਧਾਨ ਮੰਤਰੀ ਦੇ ਕੰਟਰੋਲ ਹੇਠਾਂ ਹੈ, ਦੂਜਾ ਦੰਡਾਵਲੀ ਦੀ ਧਾਰਾ 389 ਅਨੁਸਾਰ ਸਿਰਫ ਕਾਰਜ ਪਾਲਿਕਾ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਕਿਸੇ ਕੇਸ ਵਿੱਚ ਸੀ ਬੀ ਆਈ ਅਪੀਲ ਕਰੇ ਜਾਂ ਨਾ ਅਤੇ ਤੀਜਾ-ਆਪਣੀ ਤਰੱਕੀ ਲਈ ਅਧਿਕਾਰੀ ਆਪਣੇ ਸਿਆਸੀ ਆਕਿਆਂ 'ਤੇ ਨਿਰਭਰ ਕਰਦੇ ਹਨ ਅਤੇ ਜੇ ਉਹ ਉਨ੍ਹਾਂ ਮੁਤਾਬਕ ਕੰਮ ਕਰਦੇ ਹਨ ਤਾਂ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਇੱਕ ਸਾਬਕਾ ਸੀ ਬੀ ਆਈ ਡਾਇਰੈਕਟਰ ਨੂੰ ਸੇਵਾ ਮੁਕਤੀ ਪਿੱਛੋਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਮੈਂਬਰ ਬਣਾਇਆ ਗਿਆ ਸੀ। ਮੋਦੀ ਸਰਕਾਰ ਸ਼ਾਸਨ 'ਚ ਪਾਰਦਰਸ਼ਿਤਾ ਦੀਆਂ ਗੱਲਾਂ ਕਰਦੇ ਹਨ। ਇਸ ਲਈ ਸਮਾਂ ਆ ਗਿਆ ਹੈ ਕਿ ਸੀ ਬੀ ਆਈ ਦਾ ਕੰਮ ਆਜ਼ਾਦ ਕੀਤਾ ਜਾਵੇ, ਪਰ ਏਜੰਸੀ ਨੂੰ 'ਜੀ ਹਜ਼ੂਰ' ਅਧਿਕਾਰੀਆਂ ਤੋਂ ਆਜ਼ਾਦ ਕਰਵਾਉਣਾ ਇੱਕ ਮੁਸ਼ਕਲ ਕੰਮ ਹੈ।

ਪਿਛਲੇ ਸਾਲਾਂ ਵਿੱਚ ਸੀ ਬੀ ਆਈ ਨੇ ਆਪਣੇ ਅਧਿਕਾਰੀ ਭਰਤੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਏਜੰਸੀ ਵਿੱਚ ਸਾਰੇ ਸੀਨੀਅਰ ਅਹੁਦਿਆਂ 'ਤੇ ਆਈ ਪੀ ਐੱਸ ਅਫਸਰ ਬੈਠੇ ਹੋਏ ਹਨ। ਸੀ ਬੀ ਆਈ ਨੂੰ ਕੈਗ ਵਾਂਗ ਖੁਦਮੁਖਤਿਆਰੀ ਦੇਣ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ, ਜੋ ਸਿਰਫ ਪਾਰਲੀਮੈਂਟ ਅੱਗੇ ਜੁਆਬਦੇਹ ਹੈ। ਕੇਂਦਰੀ ਅਪਰਾਧਕ ਅਤੇ ਖੁਫੀਆ ਏਜੰਸੀਆਂ 'ਤੇ ਕੁਸ਼ਲ ਪਾਰਲੀਮੈਂਟਰੀ ਨਿਗਰਾਨੀ ਨਾਲ ਜੁਆਬਦੇਹੀ ਯਕੀਨੀ ਬਣਾਈ ਜਾਂਦੀ ਹੈ, ਇਸ ਨਿਗਰਾਨੀ 'ਚ ਸਿਆਸੀ ਦੁਰਵਰਤੋਂ ਦੀ ਸੰਭਾਵਨਾ ਵੀ ਰਹਿੰਦੀ ਹੈ। ਹਾਲੇ ਸਥਿਤੀ ਸੀ ਬੀ ਆਈ ਦੀ ਖੁਦਮੁਖਤਿਆਰੀ ਦੇ ਵਿਰੁੱਧ ਹੈ। ਸੀ ਬੀ ਆਈ ਦਾ ਇਹ ਕਾਂਡ ਮੋਦੀ ਦੇ ਭਾਰਤ ਦੀ ਸੱਚਾਈ ਨੂੰ ਜ਼ਾਹਿਰ ਕਰਦਾ ਹੈ ਕਿ 'ਸੱਤਾ ਹੀ ਸਭ ਕੁਝ ਹੈ।'

ਕੁੱਲ ਮਿਲਾ ਕੇ ਸੀ ਬੀ ਆਈ ਨੂੰ ਆਪਣੇ ਆਕਿਆਂ ਦੀ ਆਵਾਜ਼ ਨੂੰ ਸੁਣਨਾ ਬੰਦ ਕਰਨਾ ਪਵੇਗਾ ਅਤੇ ਸੱਤਾ ਦੀ ਦੁਰਵਰਤੋਂ ਬੰਦ ਕਰਨੀ ਪਵੇਗੀ। ਸੱਤਾਧਾਰੀ ਵਰਗ ਨੂੰ ਸੀ ਬੀ ਆਈ ਨਾਲ ਖਿਲਵਾੜ ਨਹੀਂ ਕਰਨਾ ਚਾਹੀਦਾ। ਇਸ ਨੂੰ ਇੱਕ ਆਜ਼ਾਦ 'ਤੋਤਾ' ਬਣਾਉਣਾ ਇੱਕ ਆਦਰਸ਼ਵਾਦੀ ਸੋਚ ਹੈ, ਪਰ ਸਰਕਾਰ ਨੂੰ ਇਸ 'ਚ ਸਵੱਛਤਾ ਲਿਆਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ ਅਤੇ ਦੋ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਸੀ ਬੀ ਆਈ ਕਾਨੂੰਨ ਮੁਤਾਬਕ ਚੱਲੇਗੀ ਜਾਂ ਸਰਕਾਰ ਦੇ ਕਹਿਣ ਮੁਤਾਬਕ? ਗੇਂਦ ਮੋਦੀ ਦੇ ਵਿਹੜੇ ਵਿੱਚ ਹੈ। ਕੀ ਉਹ ਇਸ ਦਿਸ਼ਾ 'ਚ ਕਦਮ ਚੁੱਕਣਗੇ?

# ਜਨਤਾ ਦੀ ਵਾਰੀ ਆਖਰੀ ਵਰ੍ਹੇ ਹੀ ਕਿਉਂ ਆਉਂਦੀ ਹੈ?

-ਪ੍ਰਿੰ. ਜਗਦੀਸ਼ ਸਿੰਘ ਘਈ




ਆਖਰੀ ਵਰ੍ਹੇ ਸੁਨਹਿਰੀ ਸੁਪਨੇ ਸਿਰਜਣ ਤੇ ਮਨ ਲੁਭਾਊ ਲਾਰਿਆਂ ਦੀ ਮੌਕਾਪ੍ਰਸਤ ਸਿਆਸਤ ਭਾਰਤੀ ਲੋਕਤੰਤਰ 'ਤੇ ਹਾਵੀ ਹੈ। ਤਾਕਤ ਵਿੱਚ ਆਉਣ ਲਈ ਰਾਜਨੀਤਕ ਪਾਰਟੀਆਂ ਵਾਅਦਿਆਂ ਅਤੇ ਲਾਰਿਆਂ ਦੀ ਤਸਵੀਰ ਪੇਸ਼ ਕਰਕੇ ਚੁੰਬਕੀ ਖਿੱਚ ਪੈਦਾ ਕਰਨ ਲਈ ਸਿਰਤੋੜ ਯਤਨ ਕਰਦੀਆਂ ਹਨ। ਸਾਲ 2019 ਦੀਆਂ ਪਾਰਲੀਮੈਂਟਰੀ ਚੋਣਾਂ ਸਿਰ 'ਤੇ ਹਨ ਅਤੇ ਰਾਜਨੀਤਕ ਪਾਰਟੀਆਂ ਆਪਣੀ-ਆਪਣੀ ਕਾਰਗੁਜ਼ਾਰੀ ਵਧੀਆ ਸਿੱਧ ਕਰਨ ਦਾ ਯਤਨ ਕਰ ਰਹੀਆਂ ਹਨ।

ਸਿਆਸਤ ਦੇ ਬੀਤੇ ਉੱਤੇ ਨਜ਼ਰ ਮਾਰਿਆਂ ਸਾਫ ਨਜ਼ਰ ਆਉਂਦਾ ਹੈ ਕਿ ਆਜ਼ਾਦ ਭਾਰਤ ਦੀ ਤਸਵੀਰ ਨੂੰ ਰੰਗਦਾਰ ਬਣਾਉਣ ਵਾਲੇ ਸੂਬਾਈ ਜਾਂ ਕੇਂਦਰੀ ਪੱਧਰ ਦੇ ਰਾਜਸੀ ਆਗੂ ਆਖਰੀ ਵਰ੍ਹੇ ਵੋਟਰਾਂ ਨੂੰ ਖਿੱਚਣ ਲਈ ਮਨ ਲੁਭਾਊ ਲਾਰਿਆਂ ਤੇ ਵਾਅਦਿਆਂ ਦੇ ਜਾਲ ਵਿੱਚ ਫਸਾਉਣ ਦਾ ਸਿਰਤੋੜ ਯਤਨ ਕਰਨਾ ਹੀ ਆਪਣਾ ਧਰਮ ਸਮਝਦੇ ਹਨ। 'ਚਮਕਦਾ ਭਾਰਤ', 'ਸੰਗਤ ਦਰਸ਼ਨ', 'ਕਾਇਆ ਕਲਪ', 'ਜਾਗੋ ਪੰਜਾਬ', 'ਅੱਛੇ ਦਿਨ ਆਉਣਗੇ' ਆਦਿ ਇਸੇ ਨੀਤੀ ਦੀ ਉਪਜ ਰਹੇ ਹਨ। ਵਿਚਾਰਵਾਨਾਂ ਲਈ ਸੋਚਣ ਦਾ ਮੌਕਾ ਹੈ ਕਿ ਇਸ ਸੰਦਰਭ ਵਿੱਚ ਭਾਰਤ ਦਾ ਕੀ ਬਣੇਗਾ?

ਆਮ ਆਦਮੀ ਦੀ ਆਰਥਿਕ ਅਵਸਥਾ, ਜੀਵਨ ਦਾ ਨੀਵਾਂ ਪੱਧਰ ਤੇ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਲੋਕਹਿਤ ਦੀਆਂ ਮੁੱਖ ਸੇਵਾਵਾਂ ਸਿਹਤ, ਸਿੱਖਿਆ ਆਦਿ ਲੁੱਟ ਦੇ ਅਖਾੜੇ ਬਣ ਗਏ ਹਨ, ਤਦ ਸਬਸਿਡੀਆਂ ਦੇ ਸਵਾਲ ਜਾਂ ਮੁਫਤ ਬਿਜਲੀ ਕਿਹੜਾ ਘਰ ਪੂਰਾ ਕਰਨਗੇ? ਇਕ ਹੱਥ ਖੋਹਣ ਲਈ ਤੇ ਦੂਜੇ ਹੱਥੋਂ ਲੋਕਾਂ ਨੂੰ ਮੰਗਤੇ ਬਣਾ ਕੇ ਸਰਕਾਰ ਕਿਵੇਂ ਆਪਣੇ ਆਪ ਨੂੰ ਦਾਨੀ ਜਾਂ ਲੋਕ ਹਿਤੈਸ਼ੀ ਸਿੱਧ ਕਰ ਰਹੀ ਹੈ। ਇਹ ਇਨਕਲਾਬੀ ਸੰਘਰਸ਼ ਨੂੰ ਢਿੱਲੇ ਮੱਠੇ ਕਰਨ ਦੀ ਵਿਧੀ ਹੀ ਤਾਂ ਹੈ। ਅੱਜ ਹਰ ਕਾਬਜ਼ ਪਾਰਟੀ ਦੀ ਸਿਆਸਤ ਹਮੇਸ਼ਾ ਇਹੋ ਚਾਲਾਂ ਚੱਲ ਕੇ ਵੋਟਰਾਂ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਵਿੱਚ ਹੈ। ਕਾਬਜ਼ ਹੋਣ ਦੇ ਪਹਿਲੇ ਚਾਰ ਸਾਲ ਲੁੱਟਣ, ਕਿੜਾਂ ਕੱਢਣ, ਪਰਵਾਰ ਪਾਲਣ ਤੇ ਆਪਣੇ ਆਪ ਨੂੰ ਪ੍ਰਭਾਵੀ ਬਣਾਉਣ ਲਈ ਮਨਮਾਨੀ ਕਰਕੇ ਤਾਕਤ ਦੀ ਦੁਰਵਰਤੋਂ ਕਰਨਾ ਇਨ੍ਹਾਂ ਦਾ ਅੰਦਰੂਨੀ ਤੇ ਲੁਕਵਾਂ ਅਸਲ ਚੋਣ ਮੈਨੀਫੈਸਟੋ ਹੁੰਦਾ ਹੈ। ਰਾਜਨੀਤੀ ਵਿੱਚ ਘੁਲ ਚੁੱਕੀਆਂ ਅਨੈਤਿਕ ਕਦਰਾਂ ਕੀਮਤਾਂ ਨੇ ਵੀ ਵਿਦੇਸ਼ਾਂ ਵਿੱਚ ਕਾਲਾ ਧਨ ਜਮ੍ਹਾਂ ਕਰਨ ਦੀ ਪ੍ਰਵਿਰਤੀ ਨੂੰ ਹੁਲਾਰਾ ਦਿੱਤਾ ਹੈ। ਜਿਸ ਧਨ ਨਾਲ ਭਾਰਤ ਦਾ ਬੱਚਾ-ਬੱਚਾ ਖੁਸ਼ਹਾਲ ਤੇ ਪੈਰਾਂ 'ਤੇ ਖੜਾ ਹੋ ਸਕਦਾ ਹੈ, ਉਹ ਅੱਜ ਵਿਦੇਸ਼ੀ ਬੈਂਕ ਵਿੱਚ ਪਿਆ ਭਾਰਤੀਆਂ ਦਾ ਮੂੰਹ ਚਿੜਾ ਰਿਹਾ ਹੈ। ਨਿਰਸੰਦੇਹ ਇਸ ਰਾਸ਼ੀ ਦੇ ਮਾਲਕ ਦੇਸ਼ ਦੇ ਦੁਸ਼ਮਣ ਹਨ। ਅਜਿਹੇ ਦੇਸ਼ ਧ੍ਰੋਹੀਆਂ ਦਾ ਪਰਦਾ ਫਾਸ਼ ਕਰਨ ਵਿੱਚ ਸੰਕੋਚ ਕਿਉਂ? ਨਰਿੰਦਰ ਮੋਦੀ ਦਾ ਦਾਅਵਾ ਕਿ ਸੱਤਾ ਵਿੱਚ ਆ ਕੇ 100 ਦਿਨਾਂ ਦੇ ਅੰਦਰ-ਅੰਦਰ ਵਿਦੇਸ਼ਾਂ ਦਾ ਕਾਲਾ ਧਨ ਭਾਰਤ ਲਿਆ ਕੇ ਹਰ ਨਾਗਰਿਕ ਦੇ ਖਾਤੇ 15-15 ਲੱਖ ਰੁਪਏ ਜਮ੍ਹਾ ਹੋਣਗੇ, ਸੁਪਨਾ ਹੀ ਬਣ ਕੇ ਰਹਿ ਗਿਆ ਹੈ। ਨੋਟਬੰਦੀ ਅਤੇ ਜੀ ਐਸ ਟੀ ਦੀ ਨੀਤੀ ਨੇ ਆਮ ਆਦਮੀ ਨੂੰ ਵੀ ਕਾਲੇ ਧਨ ਦਾ ਮਾਲਕ ਤਸੱਵਰ ਕਰ ਲਿਆ ਹੈ। ਬੇਰੁਜ਼ਗਾਰੀ ਦਾ ਨਿਰੰਤਰ ਵਾਧਾ, ਮਹਿੰਗਾਈ 'ਤੇ ਕੋਈ ਕੰਟਰੋਲ ਨਹੀਂ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਭ੍ਰਿਸ਼ਟਾਚਾਰ ਨੂੰ ਨੱਥ ਨਹੀਂ ਪਾਈ ਗਈ। ਦੇਸ਼ ਵਿੱਚ ਫਿਰਕਾਪ੍ਰਸਤੀ ਦੀਆਂ ਘਟਨਾਵਾਂ ਪਹਿਲਾਂ ਤੋਂ ਵੱਧ ਵਾਪਰਦੀਆਂ ਹਨ। ਇਨ੍ਹਾਂ ਰਾਜਸੀ ਆਗੂਆਂ ਦੇ ਕਿਰਦਾਰ ਨੂੰ ਕੀ ਕਹੀਏ ਜਦੋਂ ਮੀਡੀਆ ਦਾ ਵੱਡਾ ਹਿੱਸਾ ਕੇਂਦਰ ਸਰਕਾਰ ਅਤੇ ਵਿਸ਼ੇਸ਼ ਕਰਕੇ ਪ੍ਰਧਾਨ ਮੰਤਰੀ ਦਾ ਢੰਡੋਰਚੀ ਬਣਿਆ ਹੋਇਆ ਹੈ।

ਚੋਣਾਂ ਵਿੱਚ ਰਾਜਨੀਤੀਵਾਨ ਧਰਮ, ਜਾਤਪਾਤ, ਧਨ, ਉਚ ਨੀਚ, ਪ੍ਰਾਂਤਵਾਦ ਆਦਿ ਖੇਡਾਂ ਖੇਡ ਕੇ ਵੰਡੀਆਂ ਪਾਉਂਦੇ ਰਹੇ ਅਤੇ ਸੱਤਾ 'ਤੇ ਕਾਬਜ਼ ਹੁੰਦੇ ਆਏ ਹਨ। ਅੱਜ ਵੀ ਸਟੇਜਾਂ ਤੋਂ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਗਦਰੀ ਬਾਬਿਆਂ ਵਰਗੇ ਦੇਸ਼ ਭਗਤਾਂ ਦੀ ਕੁਰਬਾਨੀ ਦਾ ਮੁੱਲ ਵੱਟ ਕੇ ਆਪਣੇ ਆਪ ਨੂੰ ਮਜ਼ਬੂਤ ਕਰਨ ਦੇ ਯਤਨ ਵਿੱਚ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਇਨ੍ਹਾਂ ਦੇਸ਼ ਭਗਤਾਂ ਨੇ ਆਰਥਿਕ ਬਰਾਬਰੀ ਬਿਨਾਂ ਰਾਜਨੀਤਕ ਆਜ਼ਾਦੀ ਨੂੰ ਲੰਗੜੀ ਹੀ ਦੱਸਿਆ ਸੀ। ਇਸ ਚੋਣ ਪ੍ਰਣਾਲੀ ਵਿੱਚ ਸੱਚੇ ਸੁੱਚੇ ਰਾਜਨੀਤੀਵਾਨ ਕਮਜ਼ੋਰ ਪੈ ਰਹੇ ਹਨ। ਜਨਤਕ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ ਅਤੇ ਸਿਹਤ ਦੀ ਮਾੜੀ ਅਵਸਥਾ ਵੱਲ ਕਿੰਨਾ ਕੁ ਧਿਆਨ ਦਿੱਤਾ ਗਿਆ ਹੈ, ਇਹ ਤਾਂ ਪੀੜਤ ਜਨਤਾ ਨੂੰ ਹੀ ਅਹਿਸਾਸ ਹੈ, ਪਰ ਪੰਜਵੇਂ ਵਰ੍ਹੇ ਕੁੰਭਕਰਨੀ ਨੀਂਦ ਤੋਂ ਜਾਗਦੇ ਹੋਏ ਧੜਾ-ਧੜਾ ਗ੍ਰਾਂਟਾਂ ਤੇ ਪੈਨਸ਼ਨਾਂ ਵੰਡਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਸੜਕਾਂ, ਸੀਵਰੇਜ ਤੇ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਰੁਜ਼ਗਾਰ, ਕਿਸਾਨਾਂ ਤੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਅਤੇ ਦਲਿਤਾਂ ਨੂੰ ਰਾਹਤ, ਮਹਿੰਗਾਈ ਰੋਕਣ ਲਈ ਹਰ ਪ੍ਰਕਾਰ ਦੇ ਯਤਨ ਕਰਨ ਦੇ ਵਾਅਦਿਆਂ ਨਾਲ ਆਪਣੀ ਪਾਰਟੀ ਦੇ ਹਿੱਤਾਂ ਲਈ ਨਵਾਂ ਮਾਹੌਲ ਸਿਰਜਿਆ ਜਾਂਦਾ ਹੈ।

ਇਸ ਸਥਿਤੀ ਵਿੱਚ ਆਮ ਵੋਟਰ ਸਾਡੀ ਚੋਣ ਪ੍ਰਣਾਲੀ ਤੋਂ ਉਦਾਸੀਨ ਹੁੰਦਾ ਜਾਂਦਾ ਹੈ। ਇਹ ਗਰਾਫ ਹੋਰ ਵੀ ਡਿੱਗ ਪਏ ਜੇ ਦੰਭੀ ਪ੍ਰਚਾਰ, ਜਾਤ ਬਰਾਦਰੀ, ਢੋਆ ਢੁਆਈ, ਈ ਵੀ ਐਮ ਅਤੇ ਮੁੱਖ ਤੌਰ 'ਤੇ ਧਨ ਦੀ ਕੁਵਰਤੋਂ ਨਾ ਕੀਤੀ ਜਾਵੇ ਤਾਂ ਸਿੱਟੇ ਹੋਰ ਨਿਕਲਣ। ਦਹਿਸ਼ਤ ਵੀ ਇਸ ਪ੍ਰਣਾਲੀ ਵਿੱਚ ਜੁੜ ਚੁੱਕੀ ਹੈ। ਇਨ੍ਹਾਂ ਨੇ ਲੋਕਤੰਤਰ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਨਾ ਤਾਂ ਇਹ ਲੋਕਾਂ ਦੀ ਸਰਕਾਰ ਰਹਿ ਜਾਂਦੀ ਹੈ ਨਾ ਲੋਕਾਂ ਵੱਲੋਂ ਚੁਣੀ ਅਤੇ ਨਾ ਹੀ ਲੋਕਾਂ ਵਾਸਤੇ। ਆਮ ਆਮਦੀ ਦਾ ਵਿਸ਼ਵਾਸ ਚੋਣ ਪ੍ਰਣਾਲੀ ਵਿੱਚੋਂ ਉਠਦਾ ਜਾ ਰਿਹਾ ਹੈ।

ਇਮਾਨਦਾਰ, ਚੰਗੇ ਅਕਸ ਅਤੇ ਜਨਤਕ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਣ ਵਾਲੇ ਜਾਗਰੂਕ ਨੇਤਾ ਅਤੇ ਲੋਕ ਆਪਣਾ ਫਰਜ਼ ਪਛਾਣਨ ਤੇ ਆਖਰੀ ਵਰ੍ਹੇ ਖੁਸ਼ ਕਰਨ ਵਾਲੀ ਸਿਆਸਤ ਨੂੰ ਨੰਗਾ ਕਰਦੇ ਹੋਏ ਜਨਤਕ ਚੇਤਨਾ ਦੀ ਮੁਹਿੰਮ ਵਿੱਢਣ। ਲੋੜ ਪਵੇ ਤਾਂ ਤਿੱਖਾਂ ਸੰਘਰਸ਼ ਲਾਮਬੰਦ ਕਰਨ ਤਾਂ ਜੋ ਚੰਗੇ ਸਿੱਟੇ ਨਿਕਲ ਸਕਣ। ਇਹ ਉਨ੍ਹਾਂ ਦਾ ਇਤਿਹਾਸਕ ਕਦਮ ਹੋਵੇਗਾ।

# ਇਉਂ ਹੁੰਦੀ ਹੈ ਸੁਰੱਖਿਆ..

-ਮੁਖਤਿਆਰ ਸਿੰਘ

ਮੇਰਾ ਭਰਾ ਅਤੇ ਭਰਜਾਈ ਉਸ ਦਿਨ ਮੈਲਬਰਨ ਪਹੁੰਚ ਗਏ ਸੀ, ਜਦੋਂ ਉਨ੍ਹਾਂ ਨੇ ਅੰਮ੍ਰਿਤਸਰ ਜੌੜੇ ਫਾਟਕ ਵਾਲਾ ਹਾਦਸਾ ਖਬਰਾਂ ਵਿੱਚ ਸੁਣਿਆ। ਉਹ ਵੀ ਦਹਿਲ ਗਏ। ਭਰਾ ਦਾ ਤੀਜੇ ਕੁ ਦਿਨ ਫੋਨ ਆ ਗਿਆ ਕਿ ਉਹ ਇਥੋਂ ਆਪਣੇ ਨੰਨ੍ਹੇ ਮੁੰਨੇ ਪੋਤੇ ਲਈ ਰਿਮੋਟ ਵਾਲਾ ਖਿਡਾਉਣਾ ਹੈਲੀਕਾਪਟਰ ਲੈ ਗਏ ਸੀ, ਜਿਸ ਨੂੰ ਚਾਬੀ ਦਿੱਤਿਆਂ ਇਹ ਸੱਤ ਅੱਠ ਫੁੱਟ ਤੱਕ ਉਚਾ ਉਡ ਸਕਦਾ ਹੈ। ਬੱਚੇ ਅਜਿਹੇ ਖਿਡਾਉਣਿਆਂ ਨਾਲ ਮਨ ਪਰਚਾਵਾ ਕਰਕੇ ਖੁਸ਼ ਹੁੰਦੇ ਹਨ। ਉਹ ਬੱਚੇ ਨੂੰ ਨਵਾਂ ਖਿਡਾਉਣਾ ਉਡਾ ਕੇ ਛੇਤੀ-ਛੇਤੀ ਦਿਖਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਵਿਹੜੇ ਵਿੱਚ ਹੈਲੀਕਾਪਟਰ ਦੀ ਚਾਬੀ ਨਾਲ ਉਡਾ ਦਿੱਤਾ। ਪੋਤਾ ਖਿੜਖਿੜਾ ਕੇ ਹੱਸਣ ਲੱਗ ਪਿਆ। ਉਸ ਨੂੰ ਦੇਖ ਕੇ ਦਾਦਾ-ਦਾਦੀ ਫੁੱਲੇ ਨਹੀਂ ਸੀ ਸਮਾਂ ਰਹੇ। ਪੋਤੇ ਦੇ ਪਿਆਰ ਲਈ ਲਿਆਂਦਾ ਖਿਡਾਉਣਾ ਉਸ ਦੇ ਪਸੰਦ ਆ ਗਿਆ ਸੀ।

ਉਹ ਰਿਮੋਟ ਨਾਲ ਹੈਲੀਕਾਪਟਰ ਉਡਾਉਂਦੇ ਰਹੇ, ਪਰ ਦੇਖਦੇ ਹੀ ਦੇਖਦੇ ਹੈਲੀਕਾਪਟਰ ਵਿਹੜੇ ਤੋਂ ਬਾਹਰ ਚਲਾ ਗਿਆ। ਸ਼ਾਇਦ ਰਿਮੋਟ ਤੋਂ ਉਸ ਦਾ ਕੰਟਰੋਲ ਟੁੱਟ ਗਿਆ ਸੀ। ਉਸ ਨੂੰ ਜਾਪਿਆ, ਗੁਆਂਢੀਆਂ ਦੇ ਵਿਹੜੇ ਵਿੱਚ ਜਾ ਡਿੱਗਾ ਹੋਵੇਗਾ। ਉਨ੍ਹਾਂ ਝੱਟ ਦੇਣੇ ਗੁਆਂਢੀਆਂ ਵੱਲ ਦੇਖਿਆ। ਹੈਲੀਕਾਪਟਰ ਉਥੇ ਵੀ ਨਹੀਂ ਸੀ। ਫਿਰ ਉਨ੍ਹਾਂ ਨੇ ਸੋਚਿਆ, ਵਿਹੜੇ ਦੇ ਬਾਹਰ ਰੇਲਵੇ ਲਾਈਨ ਵੱਲ ਚਲਾ ਗਿਆ ਹੋਵੇਗਾ। ਉਨ੍ਹਾਂ ਦੇ ਘਰ ਪਿੱਛੇ ਰੇਲਵੇ ਲਾਈਨਾਂ ਹਨ। ਉਹ ਬੱਚੇ ਸਮੇਤ ਰੇਲਵੇ ਲਾਈਨ ਦੇ ਨਾਲ-ਨਾਲ ਦੇਖਣ ਚਲੇ ਗਏ। ਇਕ ਥਾਂ ਤੋਂ ਉਨ੍ਹਾਂ ਨੂੰ ਹੈਲੀਕਾਪਟਰ ਮਿਲ ਗਿਆ। ਬੱਚਾ ਬਹੁਤ ਖੁਸ਼ ਹੋਇਆ। ਉਸ ਨੇ ਹੈਲੀਕਾਪਟਰ ਆਪ ਫੜ ਲਿਆ। ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ।

ਜਦੋਂ ਉਹ ਘਰ ਵਾਪਸ ਆ ਰਹੇ ਸੀ ਤਾਂ ਤਿੰਨ ਪੁਲਸ ਵਾਲੇ ਉਨ੍ਹਾਂ ਵੱਲ ਆ ਰਹੇ ਸਨ। ਪੁਲਸ ਨੂੰ ਦੇਖ ਕੇ ਉਹ ਵੀ ਸਮਝ ਗਏ ਕਿ ਏਧਰ ਆ ਰਹੇ ਨੇ। ਉਹ ਰੁਕ ਗਏ। ਪੁਲਸ ਵਾਲੇ ਨੇ ਹਲੀਮੀ ਨਾਲ ਪੁੱਛਿਆ ਕਿ ਉਹ ਰੇਲਵੇ ਲਾਈਨ ਕੋਲ ਕਿਉਂ ਫਿਰ ਰਹੇ ਹਨ? ਉਥੇ ਪੱਕੇ ਰਹਿੰਦੇ ਮੁੰਡੇ ਨੇ ਦੱਸਿਆ ਕਿ ਇਹ ਹੈਲੀਕਾਪਟਰ ਬੱਚੇ ਲਈ ਇੰਡੀਆ ਤੋਂ ਲੈ ਕੇ ਆਏ ਨੇ, ਇਹ ਉਡਦਾ-ਉਡਦਾ ਵਿਹੜੇ ਤੋਂ ਬਾਹਰ ਰੇਲਵੇ ਲਾਈਨ ਲਾਗੇ ਡਿੱਗ ਪਿਆ ਸੀ, ਇਸ ਨੂੰ ਲੱਭਣ ਆਏ ਸੀ। ਪੁਲਸ ਵਾਲੇ ਨੇ ਸਾਰਾ ਕੁਝ ਪੁੱਛਿਆ ਕਿ ਕਦੋਂ ਇੰਡੀਆ ਤੋਂ ਆਏ? ਕਿੰਨੇ ਬੰਦੇ ਆਏ? ਇਕ ਦੂਜੇ ਨਾਲ ਰਿਸ਼ਤਾ ਕੀ ਹੈ? ਕਿੱਥੋਂ ਦੇ ਰਹਿਣ ਵਾਲੇ ਹਨ? ਸਾਰਿਆਂ ਦਾ ਨਾਂ ਵਗੈਰਾ ਪੁੱਛ ਕੇ ਨੋਟ ਕਰ ਲਿਆ, ਉਨ੍ਹਾਂ ਦੀ ਤਸੱਲੀ ਹੋ ਗਈ, ਉਹ ਇਹ ਵੀ ਦੱਸ ਗਏ ਕਿ ਉਸ ਸਮੇਂ ਦੂਜੀ ਲਾਈਨ ਉਤੇ ਗੱਡੀ ਲੰਘੀ ਸੀ। ਉਸ ਦੇ ਡਰਾਈਵਰ ਨੇ ਦੇਖ ਕੇ ਫੋਨ ਕੀਤਾ ਸੀ ਕਿ ਏਥੇ ਸ਼ੱਕੀ ਹਾਲਤ ਵਿੱਚ ਬੱਚੇ ਸਮੇਤ ਬੰਦਾ ਅਤੇ ਜ਼ਨਾਨੀ ਘੁੰਮ ਰਹੇ ਹਨ। ਪੁਲਸ ਵਾਲੇ ਧੰਨਵਾਦ ਕਰਕੇ ਚਲੇ ਗਏ। ਉਹ ਬੱਚੇ ਨੂੰ ਲੈ ਕੇ ਘਰ ਆ ਗਏ। ਫਿਰ ਉਨ੍ਹਾਂ ਨੇ ਹੈਲੀਕਾਪਟਰ ਘਰ ਦੇ ਅੰਦਰ ਹੀ ਉਡਾਇਆ।

ਉਸ ਦਿਨ ਅੱਧੀ ਰਾਤ ਨੂੰ ਮੁੰਡੇ ਨੂੰ ਫੋਨ ਆ ਗਿਆ ਕਿ ਉਹ ਆਪਣੀ ਮਾਂ ਦੀ ਜਨਮ ਮਿਤੀ, ਸਾਲ ਤੇ ਮਹੀਨਾ ਦੱਸੇ। ਮੁੰਡੇ ਨੇ ਦੱਸ ਦਿੱਤਾ, ਪਰ ਪੁਲਸ ਦੀ ਤਸੱਲੀ ਓਦੋਂ ਹੋਈ, ਜਦੋਂ ਉਨ੍ਹਾਂ ਨੇ ਏਅਰਪੋਰਟ ਦੇ ਕੰਪਿਊਟਰ ਰਾਹੀਂ ਉਸ ਬੱਚੇ ਦੇ ਦਾਦਾ-ਦਾਦੀ ਨੂੰ ਦੇਖ ਲਿਆ ਕਿ ਇਹ ਸੱਚਮੁੱਚ ਹੀ ਉਸ ਤਾਰੀਕ ਅਤੇ ਸਮੇਂ ਏਅਰਪੋਰਟ 'ਤੇ ਆਏ ਸਨ। ਉਨ੍ਹਾਂ ਦੀ ਸਹੀ ਐਂਟਰੀ ਹੋਈ ਸੀ। ਏਨੀ ਤਸੱਲੀ ਤੋਂ ਬਾਅਦ ਪੁਲਸ ਨੂੰ ਸੱਚ ਆਇਆ। ਫਿਰ ਆਖਰੀ ਵਾਰ ਪੁਲਸ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਜੇ ਉਥੇ ਕੋਈ ਹਾਦਸਾ ਹੋ ਜਾਂਦਾ ਤਾਂ ਵੀ ਸਿਆਸੀ ਜੰਗ ਨਹੀਂ ਸੀ ਹੋਣੀ।

ਇਹ ਹੈ ਰੇਲ ਪਟੜੀ ਤੇ ਮਨੁੱਖਤਾ ਦੀ ਸਹੀ ਸੁਰੱਖਿਆ ਦਾ ਪ੍ਰਬੰਧ। ਕੀ ਅਸੀਂ ਵੀ ਅਜਿਹੀ ਸੁਰੱਖਿਆ ਦਾ ਪ੍ਰਬੰਧ ਕਰ ਸਕਦੇ ਹਾਂ? ਜੇ ਕੀਤਾ ਹੁੰਦਾ ਤਾਂ ਮਾਨਾਵਾਲੇ ਨਜ਼ਦੀਕ ਜੌੜੇ ਫਾਟਕ ਕੋਲ ਮਨੁੱਖਤਾ ਦਾ ਘਾਣ ਨਾ ਹੁੰਦਾ ਅਤੇ ਨਾ ਹੀ ਕੋਈ ਸਿਆਸਤ ਨੂੰ ਏਦਾਂ ਰਿੜਕਦਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only. Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep
SOLD $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $1,129,900 Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

# ਖ਼ਬਰਾਂ ਪੰਜਾਬ ਦੀਆਂ

## ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰਨ ਖਿਲਾਫ ਹਾਈ ਕੋਰਟ ਵਿੱਚ ਪੁਲਸ ਵੱਲੋਂ ਅਪੀਲ

ਲੁਧਿਆਣਾ, 1 ਨਵੰਬਰ (ਪੋਸਟ ਬਿਊਰੋ)- ਅਸਲ੍ਹਾ ਬਰਾਮਦਗੀ ਦੇ ਕੇਸ ਵਿੱਚ ਹੇਠਲੀ ਅਦਾਲਤ ਵੱਲੋਂ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰਨ ਦੇ ਫੈਸਲੇ ਦੇ ਖਿਲਾਫ ਪੁਲਸ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਹੈ, ਜਿਸ ਦੀ ਸੁਣਵਾਈ ਇਕ ਦਸੰਬਰ ਨੂੰ ਹੋਵੇਗੀ ਤੇ ਅਦਾਲਤ ਵੱਲੋਂ ਇਸ ਦਿਨ ਹਵਾਰਾ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ 30 ਦਸੰਬਰ 1995 ਨੂੰ ਘੰਟਾ ਘਰ ਨੇੜਿਓਂ ਪੁਲਸ ਨੇ ਏ ਕੇ 56 ਅਤੇ ਕੁਝ ਕਾਰਤੂਸ ਬਰਾਮਦ ਕੀਤੇ ਸਨ। ਪੁਲਸ ਨੇ ਇਸ ਮਾਮਲੇ 'ਚ ਧਾਰਾ 25/54/59 ਅਧੀਨ ਕੇਸ ਦਰਜ ਕੀਤਾ ਸੀ। ਬਾਅਦ 'ਚ ਪੁਲਸ ਵੱਲੋਂ ਇਸ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕਰਕੇ ਉਸ ਦੇ ਖਿਲਾਫ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ ਸੀ। ਹਵਾਰਾ ਨੂੰ ਇਸ ਸਾਲ 14 ਮਈ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਨੇ ਬਰੀ ਕਰ ਦਿੱਤਾ, ਪਰ ਪੁਲਸ ਵੱਲੋਂ ਹੇਠਲੀ ਅਦਾਲਤ ਦੇ ਇਸ ਫੈਸਲੇ ਖਿਲਾਫ ਸੈਸ਼ਨ ਅਦਾਲਤ 'ਚ ਅਪੀਲ ਦਾਇਰ ਕੀਤੀ ਗਈ, ਜਿਸ ਦੀ ਸੁਣਵਾਈ ਕੱਲ੍ਹ ਮੈਡਮ ਅੰਜਨਾ ਨੇ ਕੀਤੀ ਤੇ ਸੁਣਵਾਈ ਇਕ ਦਸੰਬਰ ਤੱਕ ਸਸਪੈਂਡ ਕਰ ਦਿੱਤੀ। ਜੱਜ ਨੇ ਤਿਹਾੜ ਜੇਲ੍ਹ ਦੇ ਸੁਪਰਡੈਂਟ ਨੂੰ ਹੁਕਮ ਦਿੱਤਾ ਹੈ ਕਿ ਇਸ ਦਿਨ ਉਹ ਹਵਾਰਾ ਨੂੰ ਅਦਾਲਤ 'ਤ ਪੇਸ਼ ਕਰਨ। ਹਵਾਰਾ ਖਿਲਾਫ ਦਰਜ ਦੂਜੇ ਮਾਮਲੇ ਵਿੱਚ ਸੁਰੱਖਿਆ ਕਾਰਨਾਂ ਕਰਕੇ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾਂਦਾ ਸੀ।

## ਅਗਵਾ ਕਾਂਡ ਦੇ ਦੋਸ਼ੀ ਨਿਸ਼ਾਨ ਸਿੰਘ ਦੀ ਮਾਂ ਦਾ ਆਤਮ ਸਮਰਪਣ

ਫਰੀਦਕੋਟ, 1 ਨਵੰਬਰ (ਪੋਸਟ ਬਿਊਰੋ)- ਇਸ ਨਗਰ ਦੇ ਬਹੁ ਚਰਚਿਤ ਅਗਵਾ ਕਾਂਡ ਦੇ ਮੁੱਖ ਦੋਸ਼ੀ ਨਿਸ਼ਾਨ ਸਿੰਘ ਦੀ ਮਾਂ ਨਵਜੋਤ ਕੌਰ ਨੇ ਕੱਲ੍ਹ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿੱਚ ਆਤਮ ਸਮਰਪਣ ਕਰ ਦਿੱਤਾ।

ਫਰੀਦਕੋਟ ਦੇ ਸੈਸ਼ਨ ਜੱਜ ਨੇ 2013 ਵਿੱਚ ਨਵਜੋਤ ਕੌਰ ਨੂੰ ਬਾਕੀ ਦੋਸ਼ੀਆਂ ਨਾਲ ਸੱਤ ਸਾਲ ਦੀ ਸਜ਼ਾ ਸੁਣਾਈ ਸੀ। ਇਸ ਦੇ ਖਿਲਾਫ ਨਵਜੋਤ ਕੌਰ ਨੇ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ। ਹਾਈ ਕੋਰਟ ਨੇ ਚੱਲਦੀ ਅਪੀਲ ਦੌਰਾਨ ਨਵਜੋਤ ਕੌਰ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਸੀ। 31 ਅਗਸਤ ਨੂੰ ਹਾਈ ਕੋਰਟ ਨੇ ਨਵਜੋਤ ਕੌਰ ਤੇ ਬਾਕੀ ਦੋਸ਼ੀਆਂ ਦੀਆਂ ਅਪੀਲਾਂ ਰੱਦ ਕਰ ਦਿੱਤੀਆਂ ਸਨ। ਫਰੀਦਕੋਟ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਨੇ 12 ਅਕਤੂਬਰ ਨੂੰ ਨਵਜੋਤ ਕੌਰ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਅਤੇ ਨਿਸ਼ਾਨ ਸਿੰਘ ਦੇ ਰਿਸ਼ਤੇਦਾਰ ਡਿੰਪੀ ਸਮਰਾ ਦੇ ਇਸ ਕੇਸ ਵਿੱਚ ਗ੍ਰਿਫਤਾਰੀ ਵਾਰੰਟ ਜਾਰੀ ਹੋਏ ਹਨ ਅਤੇ ਪੁਲਸ ਉਸ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕਰ ਸਕੀ। ਨਿਸ਼ਾਨ ਸਿੰਘ ਜੇਲ੍ਹ ਵਿੱਚ ਹੈ ਤੇ ਉਸ ਨੂੰ ਇਸ ਕੇਸ ਵਿੱਚ ਜ਼ਮਾਨਤ ਨਹੀਂ ਸੀ ਮਿਲੀ। ਉਸ ਦੇ ਪਰਵਾਰ ਨੇ ਆਪਣੇ ਖਿਲਾਫ ਅਦਾਲਤੀ ਫੈਸਲਿਆਂ ਤੋਂ ਰਾਹਤ ਲੈਣ ਲਈ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ ਹੈ, ਪਰ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਕੋਈ ਵੀ ਤੁਰੰਤ ਰਾਹਤ ਨਹੀਂ ਦਿੱਤੀ। ਇਸੇ ਦਰਮਿਆਨ ਮਾਲ ਵਿਭਾਗ ਨੇ ਨਿਸ਼ਾਨ ਸਿੰਘ ਅਤੇ ਨਵਜੋਤ ਕੌਰ ਦੀ ਜਾਇਦਾਦ ਨਿਲਾਮ ਕਰਨ ਲਈ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਪਰ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਗੈਰ ਮੌਜੂਦਗੀ ਕਾਰਨ ਇਹ ਨਿਲਾਮੀ ਕੁਝ ਦਿਨਾਂ ਲਈ ਟਲ ਗਈ ਹੈ।

## ਬੇਅਦਬੀ ਕੇਸ ਸੀ ਬੀ ਆਈ ਤੋਂ ਵਾਪਸ ਲੈਣ ਬਾਰੇ ਸਰਕਾਰ




ਚੰਡੀਗੜ੍ਹ, 1 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਪੁਲਸ ਫਾਇਰਿੰਗ ਦੀਆਂ ਘਟਨਾਵਾਂ ਦੀ ਜਾਂਚ ਸੀ ਬੀ ਆਈ ਤੋਂ ਵਾਪਸ ਲੈਣ ਦੀ ਮੰਗ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਗਈ ਹੈ। ਇਸ ਮਾਮਲੇ ਵਿੱਚ ਅੰਮ੍ਰਿਤਸਰ ਦੇ ਸ਼ਮਸ਼ੇਰ ਸਿੰਘ ਨੇ ਪੰਜਾਬ ਵਿਧਾਨ ਸਭਾ, ਪੰਜਾਬ ਸਰਕਾਰ, ਸੀ ਬੀ ਆਈ ਅਤੇ ਡੀ ਜੀ ਪੀ ਨੂੰ ਧਿਰ ਬਣਾ ਕੇ ਪਟੀਸ਼ਨ ਦਾਇਰ ਕੀਤੀ ਹੈ। ਹਾਈ ਕੋਰਟ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਦੋ ਨਵੰਬਰ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਮੰਗ ਕੀਤੀ ਗਈ ਹੈ ਕਿ ਵਿਧਾਨ ਸਭਾ ਵਿੱਚ ਬੀਤੀ 28 ਅਗਸਤ ਨੂੰ ਪਾਸ ਕੀਤਾ ਮਤਾ ਰੱਦ ਕੀਤਾ ਜਾਵੇ। ਇਸ ਨੂੰ ਦੁਰਭਾਵਨਾ ਤੋਂ ਪ੍ਰੇਰਿਤ ਅਤੇ ਅਥਾਰਟੀ ਤੋਂ ਬਾਹਰ ਜਾ ਕੇ ਲਿਆ ਫੈਸਲਾ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਮੰਗ ਰੱਖੀ ਗਈ ਹੈ ਕਿ ਜਵਾਬਦੇਹ ਪੱਖ ਨੂੰ ਹੁਕਮ ਦਿੱਤੇ ਜਾਣ ਕਿ ਉਹ ਇਸ ਮਤੇ ਦੇ ਸੰਬੰਧ ਵਿੱਚ ਸਾਰੇ ਨੋਟੀਫਿਕੇਸ਼ਨ, ਸਰਕੂਲਰ, ਸਰਕਾਰੀ ਹੁਕਮ ਪੇਸ਼ ਕਰੇ। ਇਹੀ ਨਹੀਂ, 14 ਅਕਤੂਬਰ 2015 ਨੂੰ ਬਾਜਾਖਾਨਾ ਅਤੇ ਕੋਟਕਪੂਰਾ ਥਾਣੇ 'ਚ ਦਾਇਰ ਅਪਰਾਧਕ ਕੇਸਾਂ ਅਤੇ ਸੱਤ ਅਗਸਤ 2018 ਨੂੰ ਕੋਟਕਪੂਰਾ ਥਾਣੇ ਵਿੱਚ ਦਰਜ ਫਾਇਰਿੰਗ ਕੇਸ ਦੀ ਜਾਂਚ ਕਿਸੇ ਆਜ਼ਾਦ ਏਜੰਸੀ, ਜਿਵੇਂ ਸੀ ਬੀ ਆਈ ਨੂੰ ਸੌਂਪੀ ਜਾਵੇ ਤੇ ਇਸ ਤੋਂ ਇਲਾਵਾ ਮੰਗ ਕੀਤੀ ਗਈ ਹੈ ਕਿ ਹਾਈ ਕੋਰਟ ਸੰਬੰਧਤ ਜਾਂਚ ਦੀ ਨਿਗਰਾਨੀ ਕਰੇ।

## ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰ ਕੇ ਮੁੜੀ ਪੁਲਸ ਟੀਮ ਬੰਦੀ ਬਣਾ ਲਈ

ਅਜਨਾਲਾ (ਅੰਮ੍ਰਿਤਸਰ), 1 ਨਵੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਸਰਹੱਦ ਨੇੜਲੇ ਪਿੰਡ ਕਾਂਵੇ ਵਿੱਚ ਤਿੰਨ ਤਸਕਰਾਂ ਨੂੰ ਫੜਨ ਗਈ ਪੁਲਸ ਪਾਰਟੀ ਨੂੰ ਦੋਸ਼ੀਆਂ ਦੇ ਕੁਝ ਸਾਥੀਆਂ ਨੇ ਬੰਦੀ ਬਣਾ ਲਿਆ। ਹੈਰੋਇਨ ਤਸਕਰਾਂ ਨੇ ਏ ਐੱਸ ਆਈ ਕੰਵਲਜੀਤ ਸਿੰਘ ਦੇ ਡੱਬ ਵਿੱਚ ਲੱਗੀ ਪਿਸਤੌਲ ਖੋਹ ਲਈ ਤੇ ਉਸ ਦੀ ਪੱਗ ਤੱਕ ਲਾਹ ਕੇ ਸੁੱਟ ਦਿੱਤੀ ਅਤੇ ਕਾਂਸਟੇਬਲ ਕੇਵਲ ਦੀ ਵਰਦੀ ਪਾੜ ਦਿੱਤੀ ਤੇ ਜਦ ਪੁਲਸ ਮੁਲਾਜ਼ਮਾਂ ਨੇ ਪੁਜ਼ੀਸ਼ਨ ਲੈ ਕੇ ਮੁਕਾਬਲਾ ਕਰਨਾ ਚਾਹਿਆ ਤਾਂ ਦੋਸ਼ੀ ਆਪਣੀ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।

ਥਾਣਾ ਇੰਚਾਰਜ ਰਣਧੀਰ ਸਿੰਘ ਨੇ ਦੱਸਿਆ ਕਿ ਅੱਠ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਪੰਜ ਤਸਕਰਾਂ ਨੂੰ ਗ੍ਰਿਫਤਾਰ ਕੇ ਤਿੰਨ ਜਣਿਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਮੁਤਾਬਕ ਕੁਝ ਦਿਨ ਪਹਿਲਾਂ ਲੋਪੋਕੇ ਥਾਣੇ ਦੀ ਪੁਲਸ ਨੇ ਇੱਕ ਕਿਲੋ ਹੈਰੋਇਨ ਸਮੇਤ ਜੁਗਰਾਜ ਸਿੰਘ ਨਾਂਅ ਦੇ ਵਿਅਕਤੀ ਨੂੰ ਫੜਿਆ ਸੀ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਹ ਫਤਾਹਪੁਰ ਜੇਲ੍ਹ ਵਿੱਚ ਬੰਦ ਵਿਕਰਮਜੀਤ ਸਿੰਘ ਉਰਫ ਵਿੱਕੀ ਦੇ ਇਸ਼ਾਰੇ 'ਤੇ ਹੈਰੋਇਨ ਦਾ ਕਾਰੋਬਾਰ ਕਰਦਾ ਹੈ। ਉਸ ਕਾਰਵਾਈ ਦੌਰਾਨ ਪੁਲਸ ਟੀਮ ਕੋਲੋਂ ਕਾਂਵੇ ਪਿੰਡ ਦਾ ਰਾਜਬੀਰ ਸਿੰਘ ਉਰਫ ਅਮਨ ਫਰਾਰ ਹੋ ਗਿਆ ਸੀ। ਪੁਲਸ ਨੇ ਜੇਲ੍ਹ ਵਿੱਚ ਬੰਦ ਵਿਕਰਮ ਦਾ ਪ੍ਰੋਡਕਸ਼ਨ ਵਾਰੰਟ ਹਾਸਲ ਕੀਤਾ ਅਤੇ ਵਿਕਰਮ ਅਤੇ ਜੁਗਰਾਜ ਦੇ ਦੱਸੇ ਟਿਕਾਣਿਆਂ 'ਤੇ ਗਿਰੋਹ ਦੇ ਹੋਰ ਮੈਂਬਰਾਂ ਰਾਜਬੀਰ ਸਿੰਘ (ਫਰਾਰ), ਸਾਜਨ ਸਿੰਘ ਅਤੇ ਕਾਲਾ ਸਿੰਘ ਦੀ ਗ੍ਰਿਫਤਾਰੀ ਸ਼ੁਰੂ ਕੀਤੀ। ਕੱਲ੍ਹ ਪੁਲਸ ਪਿੰਡ ਕਾਂਵੇ ਪਹੁੰਚੀ ਅਤੇ ਤਿੰਨਾਂ ਨੂੰ ਕਾਬੂ ਕਰ ਕੇ ਉਨ੍ਹਾਂ ਨੂੰ ਸੀ ਆਈ ਏ ਸਟਾਫ ਵਿੱਚ ਪੁੱਛਗਿੱਛ ਲਈ ਲੈ ਕੇ ਜਾ ਰਹੀ ਸੀ। ਇਸ ਦੌਰਾਨ ਉਨ੍ਹਾਂ ਦੇ ਬਾਕੀ ਤਿੰਨ ਸਾਥੀਆਂ ਪਲਵਿੰਦਰ ਸਿੰਘ, ਨਵਜੀਤ ਸਿੰਘ ਅਤੇ ਹਰਜੀਤ ਸਿੰਘ ਨੇ ਪੁਲਸ ਨੂੰ ਰਸਤੇ ਵਿੱਚ ਘੇਰ ਲਿਆ। ਦੋਸ਼ ਹੈ ਕਿ ਸਾਰਿਆਂ ਨੇ ਪੁਲਸ ਹਿਰਾਸਤ 'ਚੋਂ ਤਿੰਨਾਂ ਤਸਕਰਾਂ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਜਦ ਦੋਸ਼ੀਆਂ ਦੀ ਪੇਸ਼ ਨਾ ਗਈ ਤਾਂ ਉਹ ਪੁਲਸ ਮੁਲਾਜ਼ਮ ਨਾਲ ਹੱਥੋਪਾਈ ਹੋ ਪਏ। ਗੁੱਸੇ 'ਚ ਆਏ ਤਸਕਰਾਂ ਨੇ ਏ ਐਸ ਆਈ ਕੰਵਲਜੀਤ ਸਿੰਘ ਦੀ ਪਿਸਤੌਲ ਖੋਹ ਕੇ ਉਨ੍ਹਾਂ ਦੀ ਪੱਗ ਲਾਹ ਦਿੱਤੀ ਅਤੇ ਕਾਂਸਟੇਬਲ ਕੇਵਲ ਦੀ ਵਰਦੀ ਪਾੜ ਦਿੱਤੀ। ਜਵਾਬੀ ਕਾਰਵਾਈ ਕਰਨ ਤੱਕ ਦੋਸ਼ੀ ਆਪਣੀ ਕਾਰ ਵਿੱਚ ਸਵਾਰ ਹੋ ਕੇ ਫਰਾਰ ਹੋ ਗਏ।

## ਡੀ ਏ ਵੀ ਕਾਲਜ ਦੇ ਸੁਪਰਡੈਂਟ ਦੇ ਕਾਤਲ ਨੂੰ ਉਮਰ ਕੈਦ



ਹੁਸ਼ਿਆਰਪੁਰ, 1 ਨਵੰਬਰ (ਪੋਸਟ ਬਿਊਰੋ)- ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਣਜੀਤ ਸਿੰਘ ਜੈਨ ਦੀ ਅਦਾਲਤ ਨੇ ਡੀ ਏ ਵੀ ਕਾਲਜ 'ਚ ਦਿਨ ਦਿਹਾੜੇ ਗੋਲੀ ਮਾਰ ਕੇ ਸੁਪਰਡੈਂਟ ਦੀ ਹੱਤਿਆ ਕਰਨ ਦੇ ਕੇਸ ਦੀ ਸੁਣਵਾਈ ਤੋਂ ਬਾਅਦ ਪਾਏ ਗਏ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਤੇ 12 ਹਜ਼ਾਰ ਰੁਪਏ ਜੁਰਮਾਨੇ ਦੇ ਹੁਕਮ ਸੁਣਾਏ।

ਵਰਣਨ ਯੋਗ ਹੈ ਕਿ ਕਿਰਨ ਭੱਲਾ ਪਤਨੀ ਰਾਜ ਕੁਮਾਰ ਭੱਲਾ ਵਾਸੀ ਯੂ ਐਨ ਇਨਕਲੇਵ ਊਨਾ ਰੋਡ ਥਾਣਾ ਸਿਟੀ ਨੇ ਪੁਲਸ ਨੂੰ 10 ਫਰਵਰੀ 2015 ਨੂੰ ਸ਼ਿਕਾਇਤ ਦਰਜ ਕਰਵਾਈ ਕਿ ਉਹ ਡੀ ਏ ਵੀ ਕਾਲਜ 'ਚ ਲਾਇਬ੍ਰੇਰੀਅਨ ਹੈ ਅਤੇ ਉਸ ਦਾ ਪਤੀ ਰਾਜ ਕੁਮਾਰ ਭੱਲਾ ਪੁੱਤਰ ਹਕੀਕਤ ਰਾਏ ਭੱਲਾ ਵੀ ਉਸ ਦੇ ਨਾਲ ਦਫਤਰ 'ਚ ਸੁਪਰਡੈਂਟ ਸੀ। ਉਸ ਨੇ ਦੱਸਿਆ ਕਿ ਮੀਨਾ ਮਹਿਤਾ ਪਤਨੀ ਰਾਜਿੰਦਰ ਪਾਲ ਮਹਿਤਾ ਵਾਸੀ ਰਾਮ ਨਗਰ ਨਜ਼ਦੀਕ ਸ਼ਿਮਲਾ ਪਹਾੜੀ ਵੀ ਉਸ ਦੇ ਕਾਲਜ 'ਚ ਕਲਰਕ ਸੀ, ਜਿਸ ਨੇ ਧੋਖਾਧੜੀ ਕੀਤੀ ਤੇ ਉਸ ਨੂੰ ਕਾਲਜ ਵੱਲੋਂ ਸਸਪੈਂਡ ਕਰ ਦਿੱਤਾ ਗਿਆ ਸੀ, ਜਿਸ ਦਾ ਲੜਕਾ ਰੋਹਿਤ ਮਹਿਤਾ ਮਾਲ ਰੋਡ 'ਤੇ ਪੀਰਾਂ ਦੀ ਮਜ਼ਾਰ ਬਾਬਾ ਬਣਾਂ ਸ਼ਾਹ ਬੈਠਦਾ ਸੀ। ਉਹ ਕਾਲਜ ਵਲੋਂ ਉਸ ਦੀ ਮਾਤਾ ਨੂੰ ਸਸਪੈਂਡ ਕਰਨ ਦੀ ਰੰਜਿਸ਼ ਰੱਖਦਾ ਸੀ। ਦੁਪਹਿਰ ਬਾਅਦ ਜਦੋਂ ਉਹ ਆਪਣੇ ਪਤੀ ਨਾਲ ਦਫਤਰ ਤੋਂ ਬਾਹਰ ਨਿਕਲੀ ਤਾਂ ਰੋਹਿਤ ਰਿਵਾਲਵਰ ਲੈ ਕੇ ਕਾਲਜ 'ਚ ਦਾਖਲ ਹੋਇਆ ਸੀ ਤੇ ਉਸ ਦੇ ਪਤੀ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਉਸ ਦੀ ਮੌਤ ਹੋ ਗਈ। ਤਤਕਾਲੀਨ ਥਾਣਾ ਸਦਰ ਦੇ ਇੰਚਾਰਜ ਪ੍ਰੇਮ ਕੁਮਾਰ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਸੀ।

## ਅਕਾਲੀਆਂ ਦੇ ਵਿਰੋਧ ਪਿੱਛੋਂ ਕਾਂਗਰਸੀ ਕੌਂਸਲਰ ਸਣੇ 12 ਉੱਤੇ ਕੇਸ ਦਰਜ



ਜਲੰਧਰ, 1 ਨਵੰਬਰ (ਪੋਸਟ ਬਿਊਰੋ)- ਕਾਂਗਰਸੀ ਕੌਂਸਲਰ ਬੱਬੀ ਚੱਢਾ ਦੇ ਖਿਲਾਫ ਮਹਾਜਨ ਪਰਵਾਰ ਦਾ ਪੱਖ ਲੈਂਦੇ ਹੋਏ ਅਕਾਲੀ ਦਲ ਦੇ ਨੇਤਾ ਐੱਚ ਐੱਸ ਵਾਲੀਆ ਨੇ ਕੱਲ੍ਹ ਆਪਣੇ ਸਮਰਥਕਾਂ ਨਾਲ ਡਵੀਜ਼ਨ ਨੰਬਰ ਦੋ ਦੇ ਅੱਗੇ ਧਰਨਾ ਦਿੱਤਾ। ਉਹ ਬੱਬੀ ਚੱਢਾ ਅਤੇ ਉਸ ਦੇ ਬੇਟੇ ਦੇ ਖਿਲਾਫ ਗੰਭੀਰ ਜ਼ਖਮੀ ਕਰ ਕੇ ਲੁੱਟਖੋਹ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕਰ ਕੇ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਸਨ। ਕਰੀਬ ਡੇਢ ਘੰਟਾ ਵਿਖਾਵਾਕਾਰੀ ਪੁਲਸ ਅਤੇ ਕਾਂਗਰਸੀ ਕੌਂਸਲਰ ਚੱਢਾ ਦੇ ਖਿਲਾਫ ਨਾਅਰੇ ਲਾਉਂਦੇ ਅਤੇ ਪੁਲਸ 'ਤੇ ਸੱਤਾ ਪੱਖ ਦੇ ਦਬਾਅ ਵਿੱਚ ਕੰਮ ਕਰਨ ਦਾ ਦੋਸ਼ ਲਗਾਉਂਦੇ ਰਹੇ। ਇਸੇ ਮੌਕੇ ਥਾਣੇ ਦੇ ਐੱਸ ਐੱਚ ਓ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਕਾਂਗਰਸੀ ਕੌਂਸਲਰ ਦੇ ਖਿਲਾਫ ਸਖਤ ਕਾਨੂੰਨੀ ਧਾਰਾਵਾਂ ਦਾ ਮਾਮਲਾ ਦਰਜ ਕਰ ਕੇ ਗ੍ਰਿਫਤਾਰ ਕੀਤਾ ਜਾਏਗਾ, ਇਹ ਭਰੋਸਾ ਮਿਲਣ ਦੇ ਬਾਅਦ ਹੀ ਧਰਨੇ ਨੂੰ ਉਠਾਇਆ ਗਿਆ। ਅਕਾਲੀ ਨੇਤਾ ਐੱਚ ਐੱਸ ਵਾਲੀਆ ਨੇ ਕਿਹਾ ਕਿ ਚੱਢਾ ਅਤੇ ਉਸ ਦੇ ਸਾਥੀਆਂ ਨੇ ਜ਼ਰਾ ਜਿਹੀ ਗੱਲ 'ਤੇ ਮਹਾਜਨ ਪਰਵਾਰ ਦੇ ਦਸ ਸਾਲ ਦੇ ਬੱਚੇ ਤੋਂ ਲੈ ਕੇ 65 ਸਾਲ ਦੇ ਬਜ਼ੁਰਗ ਤੱਕ ਨੂੰ ਕੁੱਟਿਆ ਅਤੇ ਕਾਰ ਵਿੱਚੋਂ ਡੇਢ ਲੱਖ ਰੁਪਏ ਕੱਢ ਕੇ ਲੈ ਗਿਆ ਅਤੇ ਫਰਜ਼ੀ ਸੱਟ ਲਗਵਾ ਕੇ ਮਹਾਜਨ ਪਰਵਾਰ 'ਤੇ ਝੂਠਾ ਕੇਸ ਬਣਾਉਣ ਦੀ ਸਾਜ਼ਿਸ਼ ਰਚੀ।

ਕਾਂਗਰਸੀ ਕੌਂਸਲਰ ਬੱਬੀ ਚੱਢਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖਿਲਾਫ ਸਿਆਸੀ ਸਾਜ਼ਿਸ਼ ਹੋਈ ਹੈ। ਉਨ੍ਹਾਂ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਸਾਥੀਆਂ ਨੂੰ ਝੂਠਾ ਫਸਾਉਣ ਦੀ ਸਾਜ਼ਿਸ਼ ਹੋ ਰਹੀ ਹੈ। ਮਹਾਜਨ ਪਰਵਾਰ ਅਕਾਲੀ ਨੇਤਾ ਐੱਚ ਐੱਸ ਵਾਲੀਆ ਦੇ ਦੋਸ਼ ਝੂਠੇ ਹਨ, ਮਹਾਜਨ ਪਰਵਾਰ ਨੇ ਗੁੰਡਾਗਰਦੀ ਕੀਤੀ ਹੈ। ਅਕਾਲੀ ਨੇਤਾਵਾਂ ਤੇ ਮਹਾਜਨ ਸਮਰਥਕਾਂ ਵੱਲੋਂ ਪ੍ਰਦਰਸ਼ਨ ਦੇ ਬਾਅਦ ਦਬਾਅ ਵਧਦਾ ਦੇਖ ਕੇ ਵੱਡੇ ਨੇਤਾਵਾਂ ਨੇ ਕੌਂਸਲਰ ਬੱਬੀ ਚੱਢਾ ਤੋਂ ਹੱਥ ਖਿੱਚ ਲਿਆ। ਇਸ ਦੇ ਬਾਅਦ ਪੁਲਸ ਨੇ ਦੇਰ ਰਾਤ ਕੌਂਸਲਰ ਬੱਬੀ ਚੱਢੀ ਸਮੇਤ 12 ਲੋਕਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੋਆਪਰੇਟਿਵ ਬੈਂਕ ਦੇ ਡਿਵੀਜ਼ਨਲ ਮੈਨੇਜਰ ਦੀ ਛੁੱਟੀ

ਬਠਿੰਡਾ, 1 ਨਵੰਬਰ (ਪੋਸਟ ਬਿਊਰੋ)- ਪੰਜਾਬ ਰਾਜ ਕੋਆਪਰੇਟਿਵ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਨੇ ਡਿਵੀਜ਼ਨਲ ਮੈਨੇਜਰ ਬਠਿੰਡਾ ਗੁਰਦੀਪ ਸਿੰਘ ਦਿਲੋਂ ਦੀ ਨੌਕਰੀ ਤੋਂ ਛੁੱਟੀ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਮਾਮਲਾ ਵਿੱਤੀ ਊਣਤਾਈਆਂ ਦਾ ਹੈ, ਜਿਸ ਦਾ ਕਰੀਬ ਦੋ ਵਰ੍ਹਿਆਂ ਤੋਂ ਝਗੜਾ ਚੱਲਦਾ ਆ ਰਿਹਾ ਸੀ। ਪੰਜਾਬ ਕੋਆਪਰੇਟਿਵ ਬੈਂਕ ਚੰਡੀਗੜ੍ਹ ਦੇ ਬੋਰਡ ਆਫ ਡਾਇਰੈਕਟਰਜ਼ ਨੇ 15 ਅਕਤੂਬਰ ਨੂੰ ਡਿਵੀਜ਼ਨਲ ਮੈਨੇਜਰ ਦਿਲੋਂ ਨੂੰ ਨੌਕਰੀ ਤੋਂ ਹਟਾਉਣ ਦਾ ਫੈਸਲਾ ਕੀਤਾ ਸੀ। ਮੈਨੇਜਿੰਗ ਡਾਇਰੈਕਟਰ ਨੇ ਕੱਲ੍ਹ ਦਿਲੋਂ ਨੂੰ ਬਰਖਾਸਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਤੋਂ ਪਹਿਲਾਂ ਗੁਰਦੀਪ ਸਿੰਘ ਦਿਲੋਂ ਮੁਕਤਸਰ ਦੇ ਸੈਂਟਰਲ ਕੋਆਪਰੇਟਿਵ ਬੈਂਕ ਦੇ ਜ਼ਿਲ੍ਹਾ ਮੈਨੇਜਰ ਸਨ। ਉਨ੍ਹਾਂ ਦੀ ਮੁਕਤਸਰ ਨੌਕਰੀ ਦੌਰਾਨ ਬੈਂਕ ਖਾਤਿਆਂ ਦਾ ਫਰਜ਼ੀ ਮਿਲਾਣ ਹੋਇਆ ਸੀ। ਵੇਰਵਿਆਂ ਅਨੁਸਾਰ ਮੁਕਤਸਰ ਦਾ ਕੋਆਪਰੇਟਿਵ ਬੈਂਕ ਕਰੋੜਾਂ ਰੁਪਏ ਦੇ ਘਾਟੇ ਵਿੱਚ ਸੀ, ਪਰ ਜ਼ਿਲ੍ਹਾ ਮੈਨੇਜਰ ਦਿਲੋਂ ਨੇ ਘਾਟੇ ਦੀ ਥਾਂ ਬੈਂਕ ਨੂੰ ਮੁਨਾਫੇ ਵਿੱਚ ਵਿਖਾਇਆ। ਵਿੱਤੀ ਅੰਕੜੇ ਤੋੜ ਮਰੋੜ ਕੇ ਪੇਸ਼ ਕੀਤੇ ਗਏ ਤੇ ਇਹੋ ਨਾਬਾਰਡ ਨੂੰ ਭੇਜੇ ਗਏ। ਕੋਆਪਰੇਟਿਵ ਬੈਂਕ ਕਰੀਬ 38 ਕਰੋੜ ਦੇ ਘਾਟੇ ਵਿੱਚ ਨਿਕਲਿਆ, ਜਿਸ ਨੂੰ ਜ਼ਿਲ੍ਹਾ ਮੈਨੇਜਰ ਨੇ ਮੁਨਾਫੇ ਵਿੱਚ ਦਿਖਾਇਆ। ਉਦੋਂ ਮਾਮਲਾ ਸ਼ੱਕੀ ਬਣਿਆ, ਜਦੋਂ ਕੁਝ ਅਰਸਾ ਪਹਿਲਾਂ ਕੋਆਪਰੇਟਿਵ ਬੈਂਕ ਮੁਕਤਸਰ ਦੇ ਇਕ ਸੀਨੀਅਰ ਮੈਨੇਜਰ ਨੇ 94 ਲੱਖ ਦਾ ਘਪਲਾ ਕਰ ਦਿੱਤਾ, ਜਿਸ ਖਿਲਾਫ ਪੁਲਸ ਕੇਸ ਵੀ ਦਰਜ ਕਰਾਇਆ ਗਿਆ ਸੀ। ਕਰੀਬ ਦਸ ਵਰ੍ਹਿਆਂ ਤੋਂ ਬੈਂਕ ਖਾਤਿਆਂ ਦੇ ਮਿਲਾਣ ਦਾ ਕੰਮ ਪੈਂਡਿੰਗ ਚੱਲਿਆ ਆ ਰਿਹਾ ਸੀ।

ਕੋਆਪਰੇਟਿਵ ਬੈਂਕ ਮੁਕਤਸਰ ਦੇ ਜ਼ਿਲ੍ਹਾ ਮੈਨੇਜਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਕਰੀਬ ਡੇਢ ਵਰ੍ਹੇ ਤੋਂ ਖਾਤੇ ਮਿਲਾਣ ਦੀ ਚੈਕਿੰਗ ਕੀਤੀ ਗਈ ਹੈ ਅਤੇ ਰਿਕਾਰਡ ਸਹੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਜ਼ਿਲ੍ਹਾ ਮੈਨੇਜਰ ਨੇ ਬੈਂਕ ਦੇ ਖਰਚਿਆਂ ਦੀ ਤਸਵੀਰ ਵੀ ਸਹੀ ਪੇਸ਼ ਨਹੀਂ ਕੀਤੀ ਅਤੇ ਵਿੱਤੀ ਸਥਿਤੀ ਨੂੰ ਮੁਨਾਫੇ ਵਿੱਚ ਦਿਖਾਇਆ। ਦੱਸਣ ਯੋਗ ਹੈ ਕਿ ਡਿਵੀਜ਼ਨਲ ਮੈਨੇਜਰ ਦਿਲੋਂ ਨੂੰ ਸਾਲ 2016 ਵਿੱਚ ਚਾਰਜਸ਼ੀਟ ਜਾਰੀ ਕੀਤੀ ਗਈ ਤੇ ਡਿਪਟੀ ਰਜਿਸਟਰਾਰ ਨੇ ਪੜਤਾਲ ਵਿੱਚ ਦਿਲੋਂ ਨੂੰ ਦੋਸ਼ੀ ਪਾਇਆ ਸੀ। ਕਾਰਨ ਦੱਸੋ ਨੋਟਿਸ ਜਾਰੀ ਕਰਨ ਮਗਰੋਂ ਦਿਲੋਂ ਦਾ ਜੁਆਬ ਤਸੱਲੀ ਬਖਸ਼ ਨਾ ਮੰਨ ਕੇ ਬੋਰਡ ਆਫ ਡਾਇਰੈਕਟਰਜ਼ ਨੂੰ ਦੱਸਿਆ ਗਿਆ, ਜਿਨ੍ਹਾਂ ਨੇ ਦਿਲੋਂ ਦੀ

### ਰੇਲ ਹਾਦਸਾ ਕਾਂਡ

## ਦੁਸਹਿਰਾ ਸਮਾਗਮ ਲਈ ਜੀ ਆਰ ਪੀ ਨੂੰ ਈ-ਮੇਲ ਭੇਜੀ ਗਈ ਸੀ



ਅੰਮ੍ਰਿਤਸਰ, 1 ਨਵੰਬਰ (ਪੋਸਟ ਬਿਊਰੋ)- ਦੁਸਹਿਰੇ ਮੌਕੇ ਜੌੜਾ ਫਾਟਕ ਨੇੜੇ ਹੋਏ ਰੇਲ ਹਾਦਸੇ ਦੀ ਜਾਂਚ ਜੀ ਆਰ ਪੀ ਵੱਲ ਮੁੜਦੀ ਜਾਪਣ ਲੱਗ ਗਈ ਹੈ। ਹਾਦਸੇ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਜਾਂਚ ਅਧਿਕਾਰੀ ਬੀ ਪੁਰਸ਼ਾਰਥ ਨੇ ਕੰਮ ਤੇਜ਼ ਕਰ ਦਿੱਤਾ ਹੈ। ਪਿਛਲੇ ਦਿਨੀਂ ਹੋਈ ਜਾਂਚ 'ਚ ਪਤਾ ਲੱਗਾ ਕਿ 18-19 ਅਕਤੂਬਰ ਅੱਧੀ ਰਾਤ 12.53 ਵਜੇ ਪੁਲਸ ਕਮਿਸ਼ਨਰੇਟ ਦਫਤਰ ਤੋਂ ਸੁਰੱਖਿਆ ਪ੍ਰਬੰਧਾਂ ਲਈ ਸਾਰੇ ਥਾਣਿਆਂ ਨੂੰ ਈ ਮੇਲ ਭੇਜੀ ਗਈ ਅਤੇ ਉਨ੍ਹਾਂ ਨੇ ਇਲਾਕੇ 'ਚ ਹੋ ਰਹੇ ਦੁਸਹਿਰਾ ਪ੍ਰੋਗਰਾਮਾਂ ਦੀ ਜਾਣਕਾਰੀ ਦੇ ਕੇ ਸੁਰੱਖਿਆ ਪ੍ਰਬੰਧ ਯਕੀਨੀ ਕਰਨ ਨੂੰ ਕਿਹਾ ਸੀ। ਮੈਜਿਸਟਰੇਟੀ ਜਾਂਚ ਸ਼ੁਰੂ ਹੋ ਚੁੱਕੀ ਹੈ ਤੇ ਇਸ ਈ ਮੇਲ ਬਾਰੇ ਅਧਿਕਾਰੀ ਕੁਝ ਵੀ ਖੁੱਲ੍ਹ ਕੇ ਦੱਸਣ ਲਈ ਤਿਆਰ ਨਹੀਂ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ ਜੇ ਇਸ ਈ ਮੇਲ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਤਾਂ ਇਸ ਹਾਦਸੇ ਨੂੰ ਰੋਕਿਆ ਜਾ ਸਕਦਾ ਸੀ। ਜੀ ਆਰ ਪੀ ਪੁਲਸ ਥਾਣੇ ਸਮੇਤ ਕਮਿਸ਼ਨਰੇਟ ਦੇ ਸਾਰੇ ਥਾਣਿਆਂ ਨੂੰ ਭੇਜੀ ਗਈ ਮੇਲ 'ਚ ਉਨ੍ਹਾਂ ਦੇ ਥਾਣਾ ਖੇਤਰਾਂ ਦੇ ਦੁਸਹਿਰੇ ਮੇਲੇ ਦੀ ਲੋਕੇਸ਼ਨ ਬਾਰੇ ਦੱਸਦਿਆਂ ਸੁਰੱਖਿਆ ਪ੍ਰਬੰਧ ਕਰਨ ਲਈ ਕਿਹਾ ਗਿਆ ਸੀ। ਇਹ ਈ ਮੇਲ ਸਕਿਓਰਿਟੀ ਬ੍ਰਾਂਚ ਅੰਮ੍ਰਿਤਸਰ ਦੀ ਜੀ-ਮੇਲ ਤੋਂ ਸੁਲਤਾਨਵਿੰਡ ਗੇਟ, ਗੇਟ ਹਕੀਮਾਂ, ਇਸਲਾਮਾਬਾਦ, ਮਜੀਠਾ ਰੋਡ, ਐਮ ਟੀ ਓ ਪੁਲਸ ਲਾਈਨ, ਮਕਬੂਲਪੁਰਾ, ਗਲਿਆਰਾ ਥਾਣਾ, ਏ ਡਵੀਜ਼ਨ, ਥਾਣਾ ਜੀ ਆਰ ਪੀ, ਸਿਵਲ ਲਾਈਨ, ਪੀ ਐਸ ਰਣਜੀਤ ਐਵੀਨਿਊ, ਪੀ ਐਸ ਵੱਲ੍ਹਾ, ਪੀ ਐਸ ਕੰਟੋਨਮੈਂਟ, ਪੀ ਐਸ ਵੇਰਕਾ, ਸਦਰ ਪੁਲਸ ਥਾਣਾ, ਐਸ ਐਚ ਓ ਮਹਿਲਾ ਪੁਲਸ ਥਾਣਾ, ਐਸ ਡੀ ਸੀ ਅੰਮ੍ਰਿਤਸਰ ਸਿਟੀ ਤੇ ਟ੍ਰੈਫਿਕ ਪੁਲਸ ਨੂੰ ਇਕੱਠਿਆਂ ਈ ਮੇਲ ਭੇਜੀ ਗਈ ਸੀ।

## ਨੂੰਹ ਦੀਆਂ ਅਸ਼ਲੀਲ ਤਸਵੀਰਾਂ ਵਾਇਰਲ ਕਰਨ ਵਾਲੇ ਸਹੁਰੇ ਦੀ ਜ਼ਮਾਨਤ ਰੱਦ ਹੋਣ ਪਿੱਛੋਂ ਗ੍ਰਿਫਤਾਰ

ਜਲੰਧਰ, 1 ਨਵੰਬਰ (ਪੋਸਟ ਬਿਊਰੋ)- ਆਪਣੀ ਨੂੰਹ ਦੀਆਂ ਅਸ਼ਲੀਲ ਫੋਟੋ ਵਾਇਰਲ ਕਰਨ ਵਾਲੇ ਸਹੁਰੇ ਦੀ ਜ਼ਮਾਨਤ ਪਟੀਸ਼ਨ ਰੱਦ ਹੋਣ 'ਤੇ ਉਸ ਨੂੰ ਥਾਣਾ ਨੰਬਰ ਇੱਕ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਸੱਸ ਦੀ ਜ਼ਮਾਨਤ ਮਨਜ਼ੂਰ ਹੋ ਗਈ ਹੈ, ਜਿਸ ਦੀ ਭਾਲ ਕੀਤੀ ਜਾ ਰਹੀ ਹੈ।

ਗ੍ਰੇਟਰ ਕੈਲਾਸ਼ ਵਾਸੀ ਪ੍ਰੋਫੈਸਰ ਨਰੇਸ਼ ਮਲਹੋਤਰਾ ਨੇ ਥਾਣਾ ਨੰਬਰ ਇੱਕ ਦੀ ਪੁਲਸ ਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਬੇਟੀ ਦਾ ਵਿਆਹ ਦੀਪਕ ਕੋਹਲੀ ਵਾਸੀ ਵਿਕਾਸਪੁਰੀ ਨਾਲ ਹੋਇਆ ਸੀ। ਉਨ੍ਹਾਂ ਦੀ ਬੇਟੀ ਤੇ ਜਵਾਈ ਵਿਦੇਸ਼ 'ਚ ਰਹਿੰਦੇ ਹਨ। ਉਨ੍ਹਾਂ ਦੇ ਜਵਾਈ ਨੇ ਉਨ੍ਹਾਂ ਦੀ ਬੇਟੀ ਦੀਆਂ ਅਸ਼ਲੀਲ ਤਸਵੀਰਾਂ ਆਪਣੇ ਘਰ ਭੇਜ ਦਿੱਤੀਆਂ ਤੇ ਉਨ੍ਹਾਂ ਨੇ ਤਸਵੀਰਾਂ ਅੱਗੇ ਵਾਇਰਲ ਕਰ ਦਿੱਤੀਆਂ। ਇਸ ਸ਼ਿਕਾਇਤ ਤੋਂ ਬਾਅਦ ਥਾਣਾ ਨੰਬਰ ਇੱਕ ਦੀ ਪੁਲਸ ਨੇ ਵਿਕਾਸਪੁਰੀ ਦੇ ਰਹਿਣ ਵਾਲੇ ਪੀੜਤਾ ਦੇ ਸਹੁਰੇ ਵੈਸ਼ਨਵ ਕੋਹਲੀ, ਸੱਸ ਪੂਨਮ ਕੋਹਲੀ, ਪਤੀ ਦੀਪਕ ਕੋਹਲੀ ਤੇ ਨਨਾਣ ਕਨਿਸ਼ਕਾ ਭਸੀਨ ਵਾਸੀ ਅੰਬਾਲਾ ਖਿਲਾਫ ਕੇਸ ਦਰਜ ਕਰ ਦਿੱਤਾ। ਵੈਸ਼ਨਵ ਕੋਹਲੀ ਦੀ ਜ਼ਮਾਨਤ ਅਰਜ਼ੀ ਅਦਾਲਤ ਨੇ ਰੱਦ ਕਰ ਦਿੱਤੀ, ਜਿਸ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਥਾਣਾ ਮੁਖੀ ਕੁਲਵੰਤ ਸਿੰਘ ਨੇ ਵੈਸ਼ਨਵ ਕੋਹਲੀ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
1ST MORTGAGE Starting from 2.59 % OAC
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
SPECIAL RATES FOR REFINANCING
Professional & Quality Service Guaranteed




Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70



ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

www.AREA REALTOR.com



Multi Award Winner Realtor
CENTURY 21. PRESIDENT



KAMAL SANDHU
Sales Representative
647.891.0143
905.488.2100 ext. 407



# ਦਿੱਲੀ ਗੁਰਦੁਆਰਾ ਕਮੇਟੀ ਦੇ ਘਪਲੇ ਬਾਰੇ ਪੁਲਸ ਕੋਲ ਸ਼ਿਕਾਇਤ ਦਰਜ

ਨਵੀਂ ਦਿੱਲੀ, 1 ਨਵੰਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੋਏ ਘਪਲੇ ਬਾਰੇ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੇ ਦਿੱਲੀ ਦੇ ਨਾਰਥ ਐਵੇਨਿਊ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਈ ਹੈ।

ਇਸ ਸੰਬੰਧ ਵਿੱਚ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਕੱਲ੍ਹ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਜੇ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ, ਸੀਨੀਅਰ ਉਪ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਅਮਰਜੀਤ ਸਿੰਘ ਪੱਪੂ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਨਾ ਦਿੱਤਾ ਤਾਂ ਦਿੱਲੀ ਦੀ ਸੰਗਤ ਦੇ ਸਹਿਯੋਗ ਨਾਲ ਇਨ੍ਹਾਂ ਵਿਰੁੱਧ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਘਪਲਿਆਂ ਵਿੱਚ ਜਿਨ੍ਹਾਂ ਵਿਅਕਤੀਆਂ ਦੇ ਨਾਂਅ ਆ ਰਹੇ ਹਨ, ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਏ। ਉਨ੍ਹਾਂ ਦਿੱਲੀ ਸਰਕਾਰ ਤੋਂ ਇਹ ਮੰਗ ਵੀ ਕੀਤੀ ਕਿ ਮੌਜੂਦਾ ਗੁਰ-




ਦੁਆਰਾ ਪ੍ਰਬੰਧਕ ਕਮੇਟੀ ਨੂੰ ਭੰਗ ਕਰ ਦਿੱਤਾ ਜਾਏ। ਸਰਨਾ ਭਰਾਵਾਂ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਦਿੱਲੀ ਕਮੇਟੀ ਦੇ ਸਸਪੈਂਡ ਜਨਰਲ ਮੈਨੇਜਰ ਹਰਜੀਤ ਸਿੰਘ ਉਰਫ ਸੂਬੇਦਾਰ, ਜੋਗਿੰਦਰ ਸਿੰਘ ਐਂਡ ਕੰਪਨੀ ਦੇ ਮਾਲਕ ਜੋਗਿੰਦਰ ਸਿੰਘ ਅਤੇ ਉਨ੍ਹਾਂ ਦੇ ਭਰਾ ਖੁਦ ਘਪਲਿਆਂ ਵਿੱਚ ਵਰਤੇ ਗਏ ਜਾਅਲੀ ਬਿੱਲਾਂ ਦੇ ਭੁਗਤਾਨ ਦਾ ਨਿਬੇੜਾ ਕਰਨ ਬਾਰੇ ਚਰਚਾ ਕਰ ਰਹੇ ਹਨ। ਸਰਨਾ ਨੇ ਕਿਹਾ ਕਿ ਦਿੱਲੀ ਕਮੇਟੀ ਦੇ ਪ੍ਰਬੰਧਾਂ 'ਤੇ ਬਾਦਲ ਦਲ ਦੇ ਕਾਬਜ਼ ਹੋਣ ਦਾ ਮਕਸਦ ਦਿੱਲੀ ਕਮੇਟੀ ਅਤੇ ਉਸ ਦੇ ਅਧੀਨ ਵਿਦਿਅਕ ਅਦਾਰਿਆਂ ਦੀਆਂ 122 ਕਰੋੜ ਰੁਪਏ ਦੀਆਂ ਐੱਫ ਡੀ ਆਰਜ਼ ਅਤੇ ਬਾਕੀ ਸਰੋਤਾਂ ਦੀ ਲੁੱਟ ਕਰਨਾ ਸੀ। ਇਸ ਦੇ ਨਾਲ ਹੀ ਬਾਲਾ ਸਾਹਿਬ ਹਸਪਤਾਲ ਤੋਂ ਭਵਿੱਖ ਵਿੱਚ ਹੋਣ ਵਾਲੀ ਕਰੋੜਾਂ ਰੁਪਏ ਦੀ ਆਮਦਨ 'ਤੇ ਕਬਜ਼ਾ ਕਰਨਾ ਅਤੇ ਰਾਜਧਾਨੀ ਦੇ ਇਤਿਹਾਸਕ ਅਤੇ ਹੋਰਨਾਂ ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਿਆਦਾ ਦੀਆਂ ਪ੍ਰੰਪਰਾਵਾਂ ਦੀ ਥਾਂ ਆਰ ਐੱਸ ਐੱਸ ਦਾ ਏਜੰਡਾ ਪੂਰਾ ਕਰਨਾ ਸੀ। ਇਸ ਕੰਮ ਲਈ ਬਾਦਲ ਦਲ ਨੇ ਆਪਣੇ ਟੀ ਵੀ ਚੈਨਲ ਰਾਹੀਂ ਬਾਲਾ ਸਾਹਿਬ ਹਸਪਤਾਲ ਦੀ ਜ਼ਮੀਨ ਨੂੰ ਵੇਚੇ ਜਾਣ, ਗੁਰਦੁਆਰਾ ਬੰਗਲਾ ਸਾਹਿਬ ਦੀ ਕਾਰ ਪਾਰਕਿੰਗ ਸਰਕਾਰ ਨੂੰ ਸੌਂਪੇ ਜਾਣ ਵਰਗੇ ਮੁੱਦਿਆਂ ਦਾ ਝੂਠਾ ਪ੍ਰਚਾਰ ਕਰ ਕੇ ਸਿੱਖ ਸੰਗਤ ਨੂੰ ਗੁੰਮ-ਰਾਹ ਕੀਤਾ ਅਤੇ ਕਮੇਟੀ ਉੱਤੇ ਕਬਜ਼ਾ ਕਰ ਲਿਆ ਅਤੇ ਸੱਤਾ ਵਿੱਚ ਆਉਣ ਪਿੱਛੋਂ ਗੁਰੂ ਦੀ ਗੋਲਕ 'ਤੇ ਨਿਸ਼ਾਨਾ ਵਿੰਨ੍ਹ ਦਿੱਤਾ। ਸਰਨਾ ਭਰਾਵਾਂ ਨੇ ਕਿਹਾ ਕਿ ਸਿੱਖ ਸੰਗਤ ਅਕਾਲੀਆਂ ਨੂੰ ਬਖਸ਼ੇਗੀ ਨਹੀਂ।

# ਰਾਮ ਮੰਦਰ ਲਈ ਭਾਜਪਾ ਐਮ ਪੀ ਪ੍ਰਾਈਵੇਟ ਬਿੱਲ ਪੇਸ਼ ਕਰੇਗਾ

ਨਵੀਂ ਦਿੱਲੀ, 1 ਨਵੰਬਰ (ਪੋਸਟ ਬਿਊਰੋ)- ਅਗਲੇ ਸਰਦ ਰੁੱਤ ਸੈਸ਼ਨ ਵਿਚ ਪਾਰਲੀਮੈਂਟ ’ਚ ਰਾਮ ਮੰਦਰ ਦਾ ਮੁੱਦਾ ਭਖਣ ਵਾਲਾ ਹੈ। ਭਾਰਤੀ ਜਨਤਾ ਪਾਰਟੀ ਦੇ ਪਾਰਲੀਮੈਂਟ ਮੈਂਬਰ ਰਾਕੇਸ਼ ਸਿਨਹਾ ਨੇ ਕਿਹਾ ਹੈ ਕਿ ਉਹ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਪ੍ਰਾਈਵੇਟ ਮੈਂਬਰ ਬਿੱਲ ਲਿਆਉਣਗੇ ਅਤੇ ਉਨ੍ਹਾਂ ਨੇ ਇਸ ਕੰਮ ਲਈ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਸਮੇਤ ਸਾਰੀਆਂ ਵਿਰੋਧੀ ਧਿਰਾਂ ਦੇ ਨੇਤਾਵਾਂ ਤੋਂ ਇਸ ’ਤੇ ਸਮਰਥਨ ਮੰਗਿਆ ਹੈ। ਰਾਜ ਸਭਾ ਵਿੱਚ ਭਾਜਪਾ ਮੈਂਬਰ ਰਾਕੇਸ਼ ਸਿਨਹਾ ਨੇ ਵੀਰਵਾਰ ਨੂੰ ਕਈ ਟਵੀਟ ਕਰ ਕੇ ਕਿਹਾ ਕਿ ਅਯੁੱਧਿਆ ਵਿਚ ਵਿਸ਼ਾਲ ਅਤੇ ਸ਼ਾਨਦਾਰ ਰਾਮ ਮੰਦਰ ਬਣਾਉਣ ਲਈ ਕਾਨੂੰਨ ਦੀ ਲੋੜ ਹੈ, ਕਿਉਂਕਿ ਇਸ ਮੁੱਦੇ ਦੀ ਸੁਣਵਾਈ ਕਰ ਰਹੀ ਸੁਪਰੀਮ ਕੋਰਟ ਨੇ ਫ਼ੈਸਲਾ ਲੈਣ ਵਿਚ ਬਹੁਤ ਸਮਾਂ ਲਾ ਦਿੱਤਾ ਹੈ। ਉਨ੍ਹਾਂ ਪੁੱਛਿਆ ਕਿ ਆਖ਼ਰ ਸੁਪਰੀਮ ਕੋਰਟ ਨੂੰ ਧਾਰਾ 377, ਜਲੀਕੱਟੂ, ਸਬਰੀਮਾਲਾ ਦੇ ਮੁੱਦੇ ਉ?ੱਤੇ ਫ਼ੈਸਲਾ ਦੇਣ ਵਿਚ ਕਿੰਨਾ ਸਮਾਂ ਲੱਗਾ ਸੀ, ਪਰ ਦਹਾਕਿਆਂ ਤੋਂ ਅਯੁੱਧਿਆ ਉਸ ਦੀ ਰੈਂਕਿੰਗ ਸੂਚੀ ਵਿਚ ਨਹੀਂ ਹੈ। ਪਾਰਲੀਮੈਂਟ ਮੈਂਬਰ ਸਿਨਹਾ ਨੇ ਟਵੀਟ ਕਰਕੇ ਇਹ ਵੀ ਪੁੱਛਿਆ ਕਿ



ਕੀ ਉਨ੍ਹਾਂ ਦੇ ਇਸ ਪ੍ਰਾਈਵੇਟ ਬਿੱਲ ਦਾ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਬਸਪਾ ਦੀ ਮੁਖੀ ਮਾਇਆਵਤੀ ਅਤੇ ਸੀ ਪੀ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਤੇ ਤੇਲਗੂ ਦੇਸਮ ਪਾਰਟੀ ਦੇ ਐੱਨ ਚੰਦਰਬਾਬੂ ਨਾਇਡੂ ਪੱਖ ਲੈਣਗੇ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਪਾਰਟੀਆਂ ਭਾਜਪਾ ਤੇ ਸੰਘ ਤੋਂ ਮੰਦਰ ਉਸਾਰੀ ਦੇ ਬਾਰੇ ਹਮੇਸ਼ਾ ਪੁੱਛਦੀਆਂ ਹਨ। ਕੀ ਉਹ ਮੇਰੇ ਇਸ ਪ੍ਰਾਈਵੇਟ ਬਿੱਲ ਦਾ ਸਮਰਥਨ ਕਰਨਗੇ? ਉਨ੍ਹਾਂ ਟਵੀਟ ਕੀਤਾ ਕਿ ਕੀ ਰਾਹੁਲ ਗਾਂਧੀ, ਸੀਤਾਰਾਮ ਯੇਚੁਰੀ, ਅਖਿਲੇਸ਼ ਯਾਦਵ, ਮਾਇਆਵਤੀ ਤੇ ਲਾਲੂ ਪ੍ਰਸਾਦ ਯਾਦਵ ਅਯੁੱਧਿਆ ਬਾਰੇ ਉਨ੍ਹਾਂ ਦੇ ਪ੍ਰਾਈਵੇਟ ਬਿੱਲ ਦਾ ਸਮਰਥਨ ਕਰਨਗੇ। ਉਨ੍ਹਾਂ ਦੇ ਇਸ ਕੇਸ ਬਾਰੇ ਜਵਾਬ ਦੇਣ ਦਾ ਸਮਾਂ ਆ ਗਿਆ ਹੈ। ਸਿਨਹਾ ਨੇ ਕਿਹਾ ਕਿ ਉਹ ਦੋ ਟੁੱਕ ਸਵਾਲ ਪੁੱਛਦੇ ਹਨ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਰਾਮ ਜਨਮਭੂਮੀ ਵਿਵਾਦ ਦੀ ਸੁਣਵਾਈ ਦਾ ਮੁੱਦਾ ਅਗਲੇ ਸਾਲ ਜਨਵਰੀ ਦੇ ਪਹਿਲੇ ਹਫ਼ਤੇ ਲਈ ਟਾਲ਼ ਦਿੱਤਾ ਹੈ। ਸ਼ਾਇਦ ਇਕ ਨਵਾਂ ਬੈਂਚ ਇਸ ਕੇਸ ਦੀ ਸੁਣਵਾਈ ਸਮੇਂ ਕੋਈ ਫ਼ੈਸਲਾ ਦੇਵੇਗਾ। ਸੁਪਰੀਮ ਕੋਰਟ ਦੇ ਇਸ ਆਦੇਸ਼ ਪਿੱਛੋਂ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਆਰਡੀਨੈਂਸ ਲਿਆਉਣ ਜਾਂ ਕਾਨੂੰਨ ਬਣਾਉਣ ਲਈ ਸਰਕਾਰ ’ਤੇ ਦਬਾਅ ਵਧ ਗਿਆ ਹੈ। ਇਸ ਬਾਰੇ ਵਿਸ਼ਵ ਹਿੰਦੂ ਪ੍ਰੀਸ਼ਦ, ਰਾਸ਼ਟਰੀ ਸਵੈਸੇਵਕ ਸੰਘ ਅਤੇ ਸੰਤ ਸਮਾਜ ਨੇ ਆਪਣੀਆਂ ਮੰਗਾਂ ਪੁਰਜ਼ੋਰ ਤਰੀਕੇ ਨਾਲ ਰੱਖੀਆਂ ਹੋਈਆਂ ਹਨ।

## ਕਰਨਾਟਕ ਦੇ ਮੰਤਰੀ ਨੇ ਖਿਡਾਰੀਆਂ ਲਈ ਸਪੋਰਟਸ ਕਿੱਟਾਂ ਵੰਡਣ ਦੀ ਥਾਂ ਸੁੱਟੀਆਂ

ਕਾਰਵਾਰ, 1 ਨਵੰਬਰ (ਪੋਸਟ ਬਿਊਰੋ)- ਕਰਨਾਟਕ ਦੇ ਮਾਲ ਮੰਤਰੀ ਆਪਣੀ ਇਕ ਗਲਤੀ ਕਾਰਨ ਲੋਕਾਂ ਦੇ ਨਿਸ਼ਾਨੇ ’ਤੇ ਆ ਗਏ ਹਨ। ਇਸ ਮੰਤਰੀ ਆਰ ਵੀ ਦੇਸ਼ਪਾਂਡੇ ਦਾ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਦੇਸ਼ਪਾਂਡੇ ਰਾਸ਼ਟਰੀ, ਸੂਬਾ ਪੱਧਰ ਅਤੇ ਜ਼ਿਲਾ ਪੱਧਰ ਦੇ ਖਿਡਾਰੀਆਂ ਨੂੰ ਮੰਚ ਉੱਤੋਂ ਸਪੋਰਟਸ ਕਿੱਟ ਸੁੱਟ ਰਹੇ ਹਨ।

ਕਾਰਵਾਰ ਦੇ ਹਰਿਆਲਾ ਇਲਾਕੇ ਵਿਚ ਹੋਏ ਇਕ ਸਮਾਰੋਹ ਵਿਚ ਦੇਸ਼ਪਾਂਡੇ ਆਏ ਸਨ। ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਦੇਸ਼ਪਾਂਡੇ ਲੋਕਾਂ ਦੇ ਨਿਸ਼ਾਨੇ ’ਤੇ ਆ ਗਏ ਤਾਂ ਉਨ੍ਹਾਂ ਨੇ ਇਸ ’ਤੇ ਸਫਾਈ ਦਿੱਤੀ ਕਿ ਉਹ ਸਾਰੇ ਸਾਡੇ ਹੀ ਬੱਚੇ ਹਨ ਅਤੇ ਮੈਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਕੁਝ ਲੋਕ ਬਿਨਾਂ ਮਤਲਬ ਇਸ ਗੱਲ ਬਾਰੇ ਵਿਵਾਦ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅਸਲ ਵਿੱਚ ਦੇਸ਼ਪਾਂਡੇ ਨੇ ਇਹ ਗਲਤੀ ਪਹਿਲੀ ਵਾਰ ਨਹੀਂ ਕੀਤੀ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਕਰਨਾਟਕ ਦੇ ਕੋਡਾਗੂ ਵਿਚ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਇੰਝ ਹੀ ਸੁੱਟ ਕੇ ਦਿੱਤੀ ਸੀ ਤੇ ਇਸ ਲਈ ਵੀ ਉਨ੍ਹਾਂ ਦੀ ਕਾਫੀ ਆਲੋਚ-ਨਾ ਹੋਈ ਸੀ। ਵਰਨਣ ਯੋਗ ਹੈ ਕਿ ਦੇਸ਼ਪਾਂਡੇ ਆਪਣੇ ਚੋਣ ਖੇਤਰ ਵਿਚ ਪੀ ਡਬਲਿਊ ਡੀ ਵਲੋਂ ਬਣਾਏ ਗਏ ਇਨਡੋਰ ਸਟੇਡੀਅਮ ਦਾ ਉਦਘਾਟਨ ਕਰਨ ਆਏ ਸਨ ਤੇ ਕਿਤੇ ਹੋਰ ਜਾਣ ਨੂੰ ਕਾਹਲੇ ਸਨ। ਸਟੇਡੀਅਮ ਦਾ ਉਦਘਾਟਨ ਕਰਨ ਪਿੱਛੋਂ ਉਨ੍ਹਾਂ ਨੇ ਸਪੋਰਟਸ ਕਿੱਟ ਵੰਡਣੀਆਂ ਸ਼ੁਰੂ ਕੀਤੀਆਂ ਸਨ। ਕਿੱਟਾਂ ਲੈਣ ਵਾਲੇ ਖਿਡਾਰੀਆਂ ਦੀ ਸੂਚੀ ਲੰਬੀ ਸੀ। ਇਸ ਲਈ ਸਮਾਂ ਲੱਗਦਾ ਦੇਖ ਕੇ ਉਨ੍ਹਾਂ ਨੇ ਖਿਡਾਰੀਆਂ ਨੂੰ ਮੰਚ ਕੋਲ ਸੱਦੇ ਬਿਨਾਂ ਕਿੱਟਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ।

## ਹਾਈ ਕੋਰਟ ਨੇ 68,500 ਸਹਾਇਕ ਟੀਚਰਾਂ ਦੀ ਭਰਤੀ ਦੀ ਸੀ ਬੀ ਆਈ ਜਾਂਚ ਲਈ ਕਿਹਾ

ਚੇਨਈ, 1 ਨਵੰਬਰ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਨੇ 68,500 ਸਹਾਇਕ ਟੀਚਰਾਂ ਦੀ ਭਰਤੀ ਦੀ ਚੋਣ ਪ੍ਰਕਿਰਿਆ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿਤੇ ਹਨ ਤੇ ਜਾਂਚ ਨੂੰ ਛੇ ਮਹੀਨੇ ਵਿਚ ਪੂਰਾ ਕਰਨ ਨੂੰ ਕਿਹਾ ਹੈ। ਇਸ ਤੋਂ ਇਲਾਵਾ ਕੋਰਟ ਨੇ ਇਕ ਪਟੀਸ਼ਨ ਵਿਚ 12460 ਸਹਾਇਕ ਟੀਚਰਾਂ ਦੀਆਂ ਖਾਲੀ ਸੀਟਾਂ ਉੱਤੇ ਭਰਤੀ ਰੱਦ ਕਰ ਦਿੱਤੀ ਹੈ। ਪਹਿਲਾਂ ਇਲਾਹਾਬਾਦ ਹਾਈ ਕੋਰਟ ਨੇ 68,500 ਸਹਾਇਕ ਅਧਿਆਪਕ ਭਰਤੀ ਵਿਚ ਸਾਰੇ ਉਮੀਦਵਾਰਾਂ ਨੂੰ ਉਤਰ ਕਾਪੀਆਂ ਦੇ ਮੁੜ ਤੋਂ ਮੁਲਾਂਕਣ ਦਾ ਮੌਕਾ ਵੀ ਦਿਤਾ ਸੀ। ਇਸ ਦੇ ਨਾਲ ਸੱਕਤਰ ਪਰੀਖਿਆ ਰੈਗੂਲੇਟਰੀ ਅਥਾਰਿਟੀ ਨੂੰ ਦੋ ਹਫਤੇ ਵਿਚ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਦਾ ਮੁੜ ਤੋਂ ਮੁਲਾਂਕਣ ਦਾ ਨਿਰਦੇਸ਼ ਦਿਤਾ ਸੀ।

ਅਕਤੂਬਰ ਦੇ ਪਹਿਲੇ ਹਫਤੇ 68,500 ਅਧਿਆਪਕਾਂ ਦੀ ਭਰਤੀ ਦੀ ਲਿਖਤੀ ਪਰੀਖਿਆ ਵਿਚ ਹੋਈ ਗੜਬੜ ਦੇ ਬਾਰੇ ਮੁੱਢਲੇ ਸਿਖਿਆ ਵਿਭਾਗ ਨੇ ਵੱਡੀ ਕਾਰਵਾਈ ਕੀਤੀ



ਸੀ। ਜਾਂਚ ਰਿਪੋਰਟ ਉੱਤੇ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਡਾ. ਪ੍ਰਭਾਤ ਕੁਮਾਰ ਨੇ ਪਰੀਖਿਆ ਰੈਗੂਲੇਟਰੀ ਅਥਾਰਿਟੀ ਦੇ ਰਜਿਸਟਰਾਰ ਜਿਵੇਂਦਰ ਸਿੰਘ ਏਰੀ ਅਤੇ ਉਪ ਰਜਿਸਟਰਾਰ ਪ੍ਰੇਮ ਚੰਦਰ ਕੁਸ਼ਵਾਹਾ ਨੂੰ ਸਸਪੈਂਡ ਕਰ ਦਿਤਾ ਅਤੇ ਰਾਜ ਅਕਾਦਮਿਕ ਖੋਜ ਅਤੇ ਸਿਖਲਾਈ ਕੌਂਸਲ ਦੇ ਸੱਤ ਅਧਿਕਾਰੀਆਂ ਤੇ ਅਨੁਸ਼ਾਸਨੀ ਕਾਰਵਾਈ ਕਰਨ ਲਈ ਕਿਹਾ ਸੀ। ਜਾਂਚ ਟੀਮ ਨੇ ਜਾਂਚ ਵਿਚ ਪਾਇਆ ਕਿ 342 ਕਾਪੀਆਂ ਦੇ ਮੁਲਾਂਕਣ ਵਿਚ ਗੜਬੜ ਹੋਈ ਸੀ। ਗੜਬੜ ਵਾਲੀਆਂ ਕਾਪੀਆਂ ਵਿੱਚੋਂ 51 ਉਮੀਦਵਾਰ ਲਿਖਤ ਪਰੀਖਿਆ ਵਿਚ ਕਾਮਯਾਬ ਹੋਏ ਸਨ ਪਰ ਉਨ੍ਹਾਂ ਨੂੰ ਫੇਲ ਕਰ ਦਿੱਤਾ ਗਿਆ ਸੀ। ਉਹ ਪਾਸ ਦੀ ਸ਼੍ਰੇਣੀ ਵਿਚ ਨਹੀਂ ਹਨ। ਉਥੇ 53 ਸਫਲ ਉਮੀਦਵਾਰ ਅਜਿਹੇ ਸਨ ਜੋ ਇਸ ਪਰੀਖਿਆ ਵਿਚ ਫੇਲ ਪਾਏ ਗਏ ਹਨ, ਜਿਨ੍ਹਾਂ ਨੂੰ ਅਧਿਆਪਕ ਦੇ ਅਹੁਦੇ ਉੱਤੇ ਨਿਯੁਕਤੀ ਵੀ ਮਿਲ ਚੁੱਕੀ ਸੀ। ਚੀਨੀ ਉਦਯੋਗ ਅਤੇ ਗੰਨਾ ਵਿਕਾਸ ਵਿਭਾਗ ਦੇ ਮੁਖ ਸਕੱਤਰ ਸੰਜੇ ਭੁਸਰੈਡੀ ਦੀ ਅਗਵਾਈ ਵਿਚ ਬਣੀ ਤਿੰਨ ਮੈਂਬਰੀ ਕਮੇਟੀ ਦੀ ਜਾਂਚ ਉੱਤੇ ਇਹ ਕਾਰਵਾਈ ਕੀਤੀ ਗਈ। ਕਮੇਟੀ ਨੇ ਜਾਂਚ ਵਿਚ ਪਾਇਆ ਕਿ ਕਾਪੀਆਂ ਨੂੰ ਜਾਂਚਣ ਵਿਚ ਲਾਪ੍ਰਵਾਹੀ ਹੋਈ ਹੈ। ਬੀਤੀ 9 ਸੰਤਬਰ ਨੂੰ ਮੁਖ ਮੰਤਰੀ ਯੋਗੀ ਆਦਿਤਯਾਨਾਥ ਨੇ ਪਰੀਖਿਆ ਰੈਗੂਲੇਟਰੀ ਅਥਾਰਿਟੀ ਸੁਧਾ ਸਿੰਘ ਨੂੰ ਸਸਪੈਂਡ ਕਰ ਦਿਤਾ ਅਤੇ ਮੁੱਢਲੀ ਸਿੱਖਿਆ ਕੌਂਸਲ ਦੇ ਸਕੱਤਰ ਸੰਜੇ ਸਿਨਹਾ ਅਤੇ ਰਜਿਸਟਰਾਰ ਜਿਵੇਂਦਰ ਸਿੰਘ ਏਰੀ ਨੂੰ ਹਟਾ ਦਿਤਾ ਸੀ। ਇਸ ਦੇ ਨਾਲ ਹਾਈ ਕੋਰਟ ਨੇ 12 ਦਸੰਬਰ 2016 ਨੂੰ 12460 ਸਹਾਇਕ ਅਧਿਆਪਕਾਂ ਦੀਆਂ ਖਾਲੀ ਸੀਟਾਂ ਤੇ ਹੋਈ ਭਰਤੀ ਨੂੰ ਵੀ ਰੱਦ ਕਰ ਦਿਤਾ ਹੈ।

## ਪੁੱਤਰ ਨੇ ਕਹੀ ਮਾਰ ਕੇ ਪਿਓ ਦਾ ਕਤਲ ਕੀਤਾ

ਕੁਰੂਕਸ਼ੇਤਰ, 1 ਨਵੰਬਰ (ਪੋਸਟ ਬਿਊਰੋ)- ਇੱਕ ਕਲਯੁਗੀ ਪੁੱਤਰ ਨੇ ਸ਼ਰਾਬ ਦੇ ਨਸ਼ੇ ਵਿੱਚ ਕਹੀ ਨਾਲ ਹਮਲਾ ਕਰਕੇ ਪਿਤਾ ਦੀ ਹੱਤਿਆ ਕਰ ਦਿੱਤੀ। ਇਸ ਜ਼ਿਲੇ ਦੇ ਪਿੰਡ ਬਾਰਵਾ 'ਚ ਵਾਰਦਾਤ ਪਿੱਛੋਂ ਦੋਸ਼ੀ ਫਰਾਰ ਹੋ ਗਿਆ। ਮ੍ਰਿਤਕ ਦੇ ਵੱਡੇ ਪੁੱਤਰ ਦੀ ਸ਼ਿਕਾਇਤ 'ਤੇ ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਸ ਦੇ ਮੁਤਾਬਕ ਪਿੰਡ ਬਾਰਵਾ ਦਾ 62 ਸਾਲਾ ਗਰਜਾ ਸਿੰਘ ਕੱਲ੍ਹ ਘਰ ਦੇ ਬਾਹਰ ਦਰਖਤ ਹੇਠਾਂ ਆਰਾਮ ਕਰ ਰਿਹਾ ਸੀ। ਦੁਪਹਿਰ ਨੂੰ ਗਰਜਾ ਸਿੰਘ ਨੇ ਆਪਣੀ ਪਤਨੀ ਤੋਂ ਖਾਣਾ ਮੰਗਿਆ। ਉਸ ਸਮੇਂ ਘਰ 'ਚ ਕੇਵਲ ਉਸ ਦਾ ਪੁੱਤਰ ਰਣਜੀਤ ਸਿੰਘ ਸੀ, ਜਿਹੜਾ ਸ਼ਰਾਬ ਦੇ ਨਸ਼ੇ 'ਚ ਸੀ। ਜਦੋਂ ਕਾਫੀ ਦੇਰ ਤੱਕ ਗਰਜਾ ਸਿੰਘ ਨੂੰ ਖਾਣਾ ਨਾ ਮਿਲਿਆ ਤਾਂ ਉਸ ਨੇ ਆਪਣੀ ਪਤਨੀ ਨੂੰ ਆਵਾਜ਼ ਮਾਰੀ। ਗਰਜਾ ਸਿੰਘ ਦੀ ਆਵਾਜ਼ ਸੁਣ ਕੇ ਘਰ ਵਿੱਚ ਮੌਜੂਦ ਉਸ ਦੇ ਬੇਟੇ ਰਣਜੀਤ ਸਿੰਘ ਨੇ ਉਸ ਨੂੰ ਗਾਲ ਕੱਢ ਦਿੱਤੀ ਜਿਸ 'ਤੇ ਗਰਜਾ ਸਿੰਘ ਨੂੰ ਗੁੱਸਾ ਆ ਗਿਆ ਤੇ ਉਸ ਨੇ ਵੀ ਰਣਜੀਤ ਨੂੰ ਗਾਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਪਿੱਛੋਂ ਰਣਜੀਤ ਸਿੰਘ ਨੇ ਉਥੇ ਪਈ ਕਹੀ ਨਾਲ ਗਰਜਾ ਸਿੰਘ ਦੇ ਮੱਥੇ 'ਤੇ ਵਾਰ ਕਰ ਦਿੱਤਾ, ਜਿਸ ਕਾਰਨ ਗਰਜਾ ਸਿੰਘ ਮਾਰਿਆ ਗਿਆ। ਥਾਣਾ ਇੰਚਾਰਜ ਛੋਟੂਰਾਮ ਨੇ ਦੱਸਿਆ ਕਿ ਮ੍ਰਿਤਕ ਦੇ ਵੱਡੇ ਬੇਟੇ ਮਨਜੀਤ ਸਿੰਘ ਦੀ ਸ਼ਿਕਾਇਤ 'ਤੇ ਦੋਸ਼ੀ ਰਣਜੀਤ ਸਿੰਘ ਖਿਲਾਫ ਕਤਲ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਕਤਰ ਏਅਰਲਾਈਨ ਦੇ ਜਹਾਜ਼ ਨਾਲ ਪਾਣੀ ਦਾ ਟੈਂਕਰ ਟਕਰਾਇਆ

ਕੋਲਕਾਤਾ, 1 ਨਵੰਬਰ (ਪੋਸਟ ਬਿਊਰੋ)- ਕੋਲਕਾਤਾ ਹਵਾਈ-ਅੱਡੇ ਉੱਤੇ ਬੁੱਧਵਾਰ ਦੀ ਰਾਤ ਕਤਰ ਏਅਰਵੇਜ਼ ਦੇ ਇਕ ਜਹਾਜ਼ ਨੂੰ ਪਾਣੀ ਦੇ ਟੈਂਕਰ ਨੇ ਟੱਕਰ ਮਾਰ ਦਿੱਤੀ। ਹਾਦਸੇ ਸਮੇਂ ਜਹਾਜ਼ ਦੋਹਾ ਲਈ ਉਡਾਣ ਭਰਨ ਦੀ ਤਿਆਰੀ ’ਚ ਸੀ। ਇਸ ਘਟਨਾ ’ਚ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ।

ਏਅਰਪੋਰਟ ਆਥਾਰਿਟੀ ਆਫ ਇੰਡੀਆ (ਏ ਏ ਆਈ) ਦੇ ਇਕ ਅਧਿਕਾਰੀ ਨੇ ਦੱਸਿਆ ਹੈ ਕਿ ਦੇਰ ਰਾਤ 2.30 ਵਜੇ ਇਕ ਪਾਣੀ ਦਾ ਟੈਂਕਰ ਦੋਹਾ ਜਾਣ ਵਾਲੇ ਜਹਾਜ਼ ਨਾਲ ਲੈਂਡਿੰਗ ਗੇਅਰ ਦੇ ਨੇੜੇ ਟਕਰਾ ਗਿਆ। ਜਹਾਜ਼ ਵਿੱਚੋਂ ਤਰੁੰਤ ਯਾਤਰੀਆਂ ਨੂੰ ਬਾਹਰ ਕੱਢ ਕੇ ਜਹਾਜ਼ ਨੂੰ ਜਾਂਚ ਲਈ ਭੇਜਿਆ ਗਿਆ। ਆਧਿਕਾਰੀਆਂ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਕਿਸੇ ਨੂੰ ਵੀ ਸੱਟ ਨਹੀਂ ਲੱਗੀ। ਉਨ੍ਹਾਂ ਦੱਸਿਆ ਕਿ ਸਾਰੇ 103 ਯਾਤਰੀਆਂ ਨੂੰ ਨੇੜੇ ਦੇ ਇਕ ਹੋਟਲ ’ਚ ਜਗ੍ਹਾ ਦਿੱਤੀ ਗਈ। ਏ ਏ ਆਈ ਦੇ ਅਧਿਕਾਰੀ ਨੇ ਦੱਸਿਆ ਹੈ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਣੀ ਦੇ ਟੈਂਕਰ ਵਿੱਚ ਕੁਝ ਤਕਨੀਕੀ ਨੁਕਸ ਸਨ ਅਤੇ ਉਸ ਦੀ ਬ੍ਰੇਕ ਸਹੀ ਤਰ੍ਹਾਂ ਕੰਮ ਨਹੀਂ ਕਰ ਰਹੀ ਸੀ। ਦੂਜੇ ਪਾਸੇ ਡੀ ਜੀ ਸੀ ਏ ਦੇ ਇਕ ਆਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਜਾਂਚ ਸ਼ੁਰੂ ਕੀਤੀ ਗਈ ਹੈ।

## ਫਰਜ਼ੀ ਸੁਨੇਹੇ ਬਾਰੇ ਭਾਰਤ ਸਰਕਾਰ ਵੱਲੋਂ ‘ਵਟਸਐਪ’ ਤੋਂ ਪਛਾਣ ਤੇ ਜਗ੍ਹਾ ਦੱਸਣ ਦੀ ਮੰਗ

ਨਵੀਂ ਦਿੱਲੀ, 1 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕੱਲ੍ਹ ਕਿਹਾ ਕਿ ‘ਵਟਸਐਪ’ ਤੋਂ ਆਏ ਸੁਨੇਹਿਆਂ ਦਾ ‘ਡੀਕ੍ਰਿਪਟ’ (ਕੋਡ ਤੋਂ ਬਗੈਰ) ਰੂਪ ਨਹੀਂ ਮੰਗਿਆ ਜਾ ਰਿਹਾ, ਪਰ ਅਜਿਹੇ ਲੋਕਾਂ ਦੀ ਪਛਾਣ ਤੇ ਜਗ੍ਹਾ ਬਾਰੇ ਸੂਚਨਾ ਮੰਗੀ ਜਾ ਰਹੀ ਹੈ, ਜੋ ਫਰਜ਼ੀ ਸੁਨੇਹੇ ਭੇਜ ਕੇ ਹਿੰਸਾ ਅਤੇ ਹੋਰ ਅਪਰਾਧਾਂ ਨੂੰ ਸ਼ਹਿ ਦਿੰਦੇ ਹਨ।

